ਗੁਪਤ

# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਵੀਰਵਾਰ, ਮਿਤੀ 3 ਦਸੰਬਰ, 2009 ਨੂੰ 2.30 ਵਜੇ ਬਾਅਦ ਦੁਪਹਿਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੰਡੀਕੇਟ ਰੂਮ (ਸੈਨੇਟ ਹਾਲ ਬਿਲਡਿੰਗ) ਵਿਖੇ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ।**

**ਹਾਜ਼ਰ:**

1. ਡਾ. ਏ.ਐਸ. ਬਰਾੜ . . . (ਸਭਾਪਤੀ)
   ਵਾਈਸ-ਚਾਂਸਲਰ

2. ਡਾ. ਰਘਬੀਰ ਸਿੰਘ
   ਡੀਨ, ਅਕਾਦਮਿਕ ਮਾਮਲੇ

3. ਡਾ. ਪੀ.ਐਸ. ਸ਼ਰਮਾ,
   ਡੀਨ, ਲੈਂਗੁਏਜਿਜ਼ ਫ਼ੈਕਲਟੀ

4. ਡਾ. ਸ਼ਸ਼ੀ ਬਾਲਾ
   ਡੀਨ, ਹਿਊਮੈਨੇਟੀਜ਼ ਤੇ ਰਿਲੀਜਸ ਸਟੱਡੀਜ਼ ਫ਼ੈਕਲਟੀ

5. ਡਾ. ਐਸ.ਐਸ. ਬਿੰਦਰਾ,
   ਪ੍ਰੋਫੈਸਰ ਅਤੇ ਮੁਖੀ, ਪੋਲੀਟੀਕਲ ਸਾਇੰਸ ਵਿਭਾਗ

6. ਡਾ. ਧਰਮ ਸਿੰਘ
   ਪ੍ਰੋਫੈਸਰ ਅਤੇ ਮੁਖੀ, ਸਕੂਲ ਆਫ਼ ਪੰਜਾਬੀ ਸਟੱਡੀਜ਼

7. ਮਿਸਿਜ਼ ਵੀਨਾ ਦਾਦਾ
   ਪ੍ਰਿੰਸੀਪਲ, ਸੇਂਟ ਸੋਲਜ਼ਰ ਕਾਲਜ (ਕੋ-ਐਜੂਕੇਸ਼ਨ), ਜਲੰਧਰ

8. ਡਾ. ਸੰਤੋਖ ਸਿੰਘ, ਅੰਮ੍ਰਿਤਸਰ

9. ਡਾ. ਹਰਜੀਤ ਸਿੰਘ,
   ਪ੍ਰੋਫੈਸਰ ਅਮੈਰੀਟਸ, ਅੰਮ੍ਰਿਤਸਰ

10. ਪ੍ਰੋਫੈਸਰ ਵਿਰਸਾ ਸਿੰਘ ਵਲਟੋਹਾ, ਐਮ.ਐਲ.ਏ.

11. ਡਾ. ਦਿਨੇਸ਼ ਸ਼ਰਮਾ,
    ਪ੍ਰਿੰਸੀਪਲ, ਏ.ਬੀ. ਕਾਲਜ, ਪਠਾਨਕੋਟ

12. ਸ. ਲਖਬੀਰ ਸਿੰਘ ਲੋਧੀਨੰਗਲ, ਐਮ.ਐਲ.ਏ.

13. ਡਾ. ਇੰਦਰਜੀਤ ਸਿੰਘ . . . (ਸਕੱਤਰ)
    ਰਜਿਸਟਰਾਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਵਾਈਸ-ਚਾਂਸਲਰ ਸਾਹਿਬ ਨੇ ਸਮੂਹ ਮੈਂਬਰ ਸਾਹਿਬਾਨ ਨੂੰ ਜੀ ਆਇਆਂ ਆਖਿਆ । ਉਨ੍ਹਾਂ ਕਿਹਾ ਕਿ ਡਾ. ਇੰਦਰਜੀਤ ਸਿੰਘ ਨੇ ਰਜਿਸਟਰਾਰ ਵੱਲੋਂ ਅਹੁਦਾ ਸੰਭਾਲ ਲਿਆ ਹੈ ਅਤੇ ਅੱਜ ਦੀ ਸਿੰਡੀਕੇਟ ਦੀ ਇਕੱਤਰਤਾ ਵਿਚ ਉਹ ਪਹਿਲੀ ਵਾਰ ਹਾਜ਼ਰ ਹੋ ਰਹੇ ਹਨ । ਇਸ ਤੋਂ ਪਹਿਲਾਂ ਡਾ. ਰਘਬੀਰ ਸਿੰਘ, ਡੀਨ ਅਕਾਦਮਿਕ ਮਾਮਲੇ ਇਹ ਜ਼ਿੰਮੇਵਾਰੀਆਂ ਸੰਭਾਲਦੇ ਰਹੇ ਹਨ । ਵਾਈਸ-ਚਾਂਸਲਰ ਸਾਹਿਬ ਨੇ ਇਕ ਵਾਰ ਫਿਰ ਡਾ. ਰਘਬੀਰ ਸਿੰਘ ਵੱਲੋਂ ਰਜਿਸਟਰਾਰ ਦੀਆਂ ਡਿਊਟੀਆਂ ਨੂੰ ਬੜੇ ਸੁਚੱਜੇ ਢੰਗ ਨਾਲ ਨਿਭਾਉਣ ਲਈ ਪ੍ਰਸ਼ੰਸਾਂ ਕੀਤੀ ਅਤੇ ਆਸ ਪ੍ਰਗਟ ਕੀਤੀ ਕਿ ਡਾ. ਇੰਦਰਜੀਤ ਸਿੰਘ ਵੀ ਉਸੇ ਹੀ ਸ਼ਾਨਦਾਰ ਢੰਗ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣਗੇ ।

ਸਮੂਹ ਮੈਂਬਰ ਸਾਹਿਬਾਨ ਨੇ ਵਾਈਸ-ਚਾਂਸਲਰ ਸਾਹਿਬ ਦੇ ਵਿਚਾਰਾਂ ਨਾਲ ਸਹਿਮਤੀ ਪ੍ਰਗਟ ਕਰਦਿਆਂ ਜਿਥੇ ਡਾ. ਰਘਬੀਰ ਸਿੰਘ ਵੱਲੋਂ ਰਜਿਸਟਰਾਰ ਵਜੋਂ ਨਿਭਾਈਆਂ ਜ਼ਿੰਮੇਵਾਰੀਆਂ ਲਈ ਪ੍ਰਸ਼ੰਸਾਂ ਕੀਤੀ ਉਥੇ ਡਾ. ਇੰਦਰਜੀਤ ਸਿੰਘ ਨੂੰ ਰਜਿਸਟਰਾਰ ਵਜੋਂ ਆਹੁਦਾ ਸੰਭਾਲਣ 'ਤੇ ਮੁਬਾਰਕਬਾਦ ਵੀ ਦਿੱਤੀ ।

ਰਜਿਸਟਰਾਰ ਸਾਹਿਬ ਨੇ ਸਮੂਹ ਮੈਂਬਰ ਸਾਹਿਬਾਨ ਦਾ ਧੰਨਵਾਦ ਕੀਤਾ । ਉਨ੍ਹਾਂ ਵਿਸ਼ਵਾਸ ਦੁਆਇਆ ਕਿ ਉਹ ਮੈਂਬਰ ਸਾਹਿਬਾਨ ਦੀਆਂ ਆਸ਼ਾਵਾਂ 'ਤੇ ਪੂਰਾ ਉਤਰਨ ਦਾ ਹਰ ਸੰਭਵ ਯਤਨ ਕਰਨਗੇ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

**ਸਿੰਡੀਕੇਟ ਦੀ ਇਕੱਤਰਤਾ ਮਿਤੀ 7.10.2009 ਦੀ ਕਾਰਵਾਈ ਦੀ ਪੁਸ਼ਟੀ ।**

1. ਮਿਤੀ 7.10.2009 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ਦੀ ਪੁਸ਼ਟੀ ਕਰਨ 'ਤੇ ਵਿਚਾਰ ਹੋਈ ।

**ਪਾਸ ਹੋਇਆ** ਕਿ ਮਿਤੀ 7.10.2009 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ਦੀ ਪੁਸ਼ਟੀ ਪੈਰਾ 37 ਅਤੇ 70 ਵਿਚ ਹੇਠ ਲਿਖੀਆਂ ਸੋਧਾਂ ਸਹਿਤ ਕੀਤੀ ਜਾਂਦੀ ਹੈ:-

**ਪੈਰਾ ਨੰ: 37 ਨਿਰਣਾ ਹੇਠ ਲਿਖੇ ਅਨੁਸਾਰ ਸੋਧਿਆ ਜਾਂਦਾ ਹੈ:-**

| **ਵਰਤਮਾਨ ਨਿਰਣਾ** | **ਸੋਧਿਆ ਨਿਰਣਾ** |
|---|---|
| 37. ਸਿੰਡੀਕੇਟ ਦੇ ਵੱਖ-ਵੱਖ ਨਿਰਣਿਆਂ ਨੂੰ ਮੁੱਖ ਰੱਖਦਿਆਂ ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 6.8.2009 ਦੀਆਂ ਸਿਫਾਰਸ਼ਾਂ ਅੰਤਿਕਾ ਅਨੁਸਾਰ ਉਤੇ ਵਿਚਾਰ ਹੋਈ । | 37. ਸਿੰਡੀਕੇਟ ਦੇ ਵੱਖ-ਵੱਖ ਨਿਰਣਿਆਂ ਨੂੰ ਮੁੱਖ ਰੱਖਦਿਆਂ ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 6.8.2009 ਦੀਆਂ ਸਿਫਾਰਸ਼ਾਂ ਅੰਤਿਕਾ ਅਨੁਸਾਰ ਉਤੇ ਵਿਚਾਰ ਹੋਈ । |
| ਇਹ ਨੋਟ ਕੀਤਾ ਕਿ ਅੰਤਿਕਾ ਦੀ ਮੱਦ ਨੰ: IV ਸਬੰਧੀ ਫੈਕਲਟੀ ਆਫ ਫਿਜ਼ੀਕਲ ਪਲੈਨਿੰਗ ਅਤੇ ਆਰਕੀਟੈਕਚਰ ਨੇ ਆਪਣੀ ਇਕੱਤਰਤਾ ਮਿਤੀ 10.12.2008 ਰਾਹੀਂ ਮਾਸਟਰ ਇਨ ਪਲੈਨਿੰਗ | ਇਹ ਨੋਟ ਕੀਤਾ ਕਿ ਅੰਤਿਕਾ ਦੀ ਮੱਦ ਨੰ: IV ਸਬੰਧੀ ਫੈਕਲਟੀ ਆਫ ਫਿਜ਼ੀਕਲ ਪਲੈਨਿੰਗ ਅਤੇ ਆਰਕੀਟੈਕਚਰ ਨੇ ਆਪਣੀ ਇਕੱਤਰਤਾ ਮਿਤੀ 10.12.2008 ਰਾਹੀਂ ਮਾਸਟਰ ਇਨ ਪਲੈਨਿੰਗ |

| | |
|---|---|
| (ਇਨਫਰਾਸਟ੍ਰਕਚਰ) ਕੋਰਸ ਦਾ ਨਾਂ ਬਦਲ ਕੇ ਐਮ.ਟੈਕ. (ਇਨਫਰਾਸਟ੍ਰਕਚਰ ਪਲੈਨਿੰਗ) ਕਰਨ ਦੀ ਸਿਫਾਰਸ਼ ਕੀਤੀ ਹੈ ਅਤੇ ਇਸੇ ਅਨੁਸਾਰ ਹੀ ਇਸ ਦਾ ਨਾਮ ਅਧਿਆਦੇਸ਼ਾਂ ਵਿਚ ਦਰੁਸਤ ਕੀਤਾ ਗਿਆ ਹੈ । | (ਇਨਫਰਾਸਟ੍ਰਕਚਰ) ਕੋਰਸ ਦਾ ਨਾਂ ਬਦਲ ਕੇ ਐਮ.ਟੈਕ. (ਇਨਫਰਾਸਟ੍ਰਕਚਰ ਪਲੈਨਿੰਗ) ਕਰਨ ਦੀ ਸਿਫਾਰਸ਼ ਕੀਤੀ ਹੈ ਅਤੇ ਇਸੇ ਅਨੁਸਾਰ ਹੀ ਇਸ ਦਾ ਨਾਮ ਅਧਿਆਦੇਸ਼ਾਂ ਵਿਚ ਦਰੁਸਤ ਕੀਤਾ ਗਿਆ ਹੈ। "ਇਹ ਤਬਦੀਲੀ ਸੈਸ਼ਨ 2008-09 ਤੋਂ ਲਾਗੂ ਹੋਵੇਗੀ।" |
| ਪਾਸ ਹੋਇਆ ਕਿ ਸਿੰਡੀਕੇਟ ਦੇ ਵੱਖ-ਵੱਖ ਨਿਰਣਿਆਂ ਨੂੰ ਮੁੱਖ ਰੱਖਦਿਆਂ ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 6.8.2009 ਦੀਆਂ ਸਿਫਾਰਸ਼ਾਂ ਅੰਤਿਕਾ ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ । | ਪਾਸ ਹੋਇਆ ਕਿ ਸਿੰਡੀਕੇਟ ਦੇ ਵੱਖ-ਵੱਖ ਨਿਰਣਿਆਂ ਨੂੰ ਮੁੱਖ ਰੱਖਦਿਆਂ ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 6.8.2009 ਦੀਆਂ ਸਿਫਾਰਸ਼ਾਂ ਅੰਤਿਕਾ ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ । |

**ਪੈਰਾ ਨੰ: 70 ਮਤਾ ਹੇਠ ਲਿਖੇ ਅਨੁਸਾਰ ਸੋਧਿਆ ਜਾਂਦਾ ਹੈ:-**

| **ਵਰਤਮਾਨ ਮਤਾ** | **ਸੋਧਿਆ ਮਤਾ** |
|---|---|
| 70. ਪਾਸ ਹੋਇਆ ਕਿ ਬੀ.ਐਡ. ਕੌਂਸਲਿੰਗ ਦੌਰਾਨ ਤਾਇਨਾਤ ਅਮਲੇ ਨੂੰ ਮਾਨ ਭੱਤੇ ਦੀ ਅਦਾਇਗੀ ਸਮੇਂ ਮੈਕਸੀਮਮ ਲਿਮਟ ਦੀ ਸ਼ਰਤ ਹਟਾਉਣ 'ਤੇ ਵਿਚਾਰ ਕਰਨ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 5.10.2009 ਦੀਆਂ ਸਿਫ਼ਾਰਸ਼ਾਂ ਅੰਤਿਕਾ ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ । | 70. ਪਾਸ ਹੋਇਆ ਕਿ ਬੀ.ਐਡ. ਕੌਂਸਲਿੰਗ ਦੌਰਾਨ ਤਾਇਨਾਤ ਅਮਲੇ ਨੂੰ ਮਾਨ ਭੱਤੇ ਦੀ ਅਦਾਇਗੀ ਸਮੇਂ ਮੈਕਸੀਮਮ ਲਿਮਟ ਦੀ ਸ਼ਰਤ ਹਟਾਉਣ 'ਤੇ ਵਿਚਾਰ ਕਰਨ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 5.10.2009 ਦੀਆਂ ਸਿਫ਼ਾਰਸ਼ਾਂ ਅੰਤਿਕਾ ਅਨੁਸਾਰ ਇਸ ਸੋਧ ਸਹਿਤ ਪਰਵਾਨ ਕੀਤੀਆਂ ਜਾਂਦੀਆਂ ਹਨ ਕਿ ਬੀ.ਐਡ. ਕੌਂਸਲਿੰਗ ਲਈ ਲਾਏ ਅਮਲੇ ਨੂੰ ਵੱਧ ਤੋਂ ਵੱਧ 30 ਦਿਨਾਂ ਦਾ ਮਾਨ ਭੱਤਾ ਦੇਣ ਦੀ ਹੱਦ ਵਧਾ ਕੇ 40 ਦਿਨ ਨਿਸ਼ਚਿਤ ਕੀਤੀ ਜਾਂਦੀ ਹੈ ਕਿਉਂਜੋ ਇਸ ਵਾਰ ਕੌਂਸਲਿੰਗ 58 ਦਿਨ (ਸਮੇਤ ਪਬਲਿਕ ਅਤੇ ਗੈਜ਼ਟਿਡ ਛੁੱਟੀਆਂ) ਚੱਲੀ ਸੀ । |

**ਸਿੰਡੀਕੇਟ ਦੀ ਇਕੱਤਰਤਾ ਮਿਤੀ 7.10.2009 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ ।**

2. ਮਿਤੀ 7.10.2009 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੇ ਵੱਖ-ਵੱਖ ਨਿਰਣਿਆਂ 'ਤੇ ਕੀਤੀ ਕਾਰਵਾਈ **ਅੰਤਿਕਾ** ਅਨੁਸਾਰ ਨੋਟ ਕੀਤੀ ਗਈ ।

**ਡਾ. ਪਰਮਿੰਦਰ ਸਿੰਘ, ਪ੍ਰੋਫੈਸਰ, ਅੰਗਰੇਜ਼ੀ ਵਿਭਾਗ ਦੀ ਮੁਖੀ ਵਜੋਂ ਨਿਯੁਕਤੀ ਦੀ ਪੁਸ਼ਟੀ ।**

3. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਰਮਨਦੀਪ ਸਿੰਘ, ਪ੍ਰੋਫੈਸਰ ਅਤੇ ਮੁਖੀ ਅੰਗਰੇਜ਼ੀ ਵਿਭਾਗ ਵੱਲੋਂ ਨਿੱਜੀ ਕਾਰਣਾਂ ਕਰਕੇ ਮੁਖੀ ਵਿਭਾਗ ਵਜੋਂ ਅਸਤੀਫਾ ਦੇਣ 'ਤੇ ਉਨ੍ਹਾਂ ਦੀ ਥਾਂ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21 ਉਤੇ ਦਰਜ ਸਟੈਚਿਊਟ 3 ਅਧੀਨ ਡਾ. ਪਰਮਿੰਦਰ ਸਿੰਘ, ਪ੍ਰੋਫੈਸਰ,

ਅੰਗਰੇਜ਼ੀ ਵਿਭਾਗ ਨੂੰ ਮਿਤੀ 29.10.2009 ਤੋਂ 31.12.2009 ਅਤੇ 1.1.2010 ਤੋਂ 10.6.2011 ਤੱਕ (60 ਸਾਲ ਦੀ ਉਮਰ ਹੋਣ ਤੱਕ) ਉਕਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਹੈ ।

**ਸਬੰਧਤ ਵਿਭਾਗਾਂ ਦੇ ਮੁਖੀ ਵਜੋਂ ਨਿਯੁਕਤੀ ।**

4. ਵਾਈਸ-ਚਾਂਸਲਰ ਸਾਹਿਬ ਦੀ ਸਿਫ਼ਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21 ਉਤੇ ਦਰਜ ਸਟੈਚਿਊਟ 3 ਅਧੀਨ ਹੇਠ ਲਿਖੇ ਅਧਿਆਪਕਾਂ ਨੂੰ, ਹਰੇਕ ਅੱਗੇ ਦਰਸਾਏ ਅਨੁਸਾਰ, ਸਬੰਧਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਜਾਂਦਾ ਹੈ:-

| ਕ੍ਰਮ ਨੰ | ਨਾਮ ਅਤੇ ਅਹੁਦਾ | ਵਿਭਾਗ | ਮੁਖੀ ਵਜੋਂ ਨਿਯੁਕਤੀ ਦੀ ਮਿਆਦ |
|---|---|---|---|
| 1. | ਡਾ. ਪਰਮਜੀਤ ਸਿੰਘ, ਪ੍ਰੋਫੈਸਰ | ਸੋਸ਼ਿਆਲੋਜੀ | 1.1.2010 ਤੋਂ 31.12.2012 |
| 2. | ਡਾ. ਨਵਦੀਪ ਸਿੰਘ ਤੁੰਗ, ਪ੍ਰੋਫੈਸਰ | ਸਾਈਕਾਲੋਜੀ | -ਉਹੀ- |
| 3. | ਡਾ. ਸਾਜਿਦ ਹੁਸੈਨ, ਰੀਡਰ | ਮਾਈਕਰੋਬਿਆਲੋਜੀ | -ਉਹੀ- |
| 4. | ਡਾ. ਕਮਲੇਸ਼ ਸਿੰਘ ਦੁੱਗਲ, ਰੀਡਰ | ਜਰਨਲਿਜ਼ਮ ਅਤੇ ਮਾਸ ਕਮਿਊਨੀਕੇਸ਼ਨ, ਰਿਜਨਲ ਕੈਂਪਸ, ਜਲੰਧਰ | -ਉਹੀ- |
| 5. | ਡਾ. ਤੇਜਿੰਦਰ ਕੌਰ ਮਾਨ, ਪ੍ਰੋਫੈਸਰ | ਪੰਜਾਬੀ ਵਿਭਾਗ, ਰਿਜਨਲ ਕੈਂਪਸ, ਜਲੰਧਰ | 3.12.2009 ਤੋਂ 31.12.2009 ਅਤੇ 1.1.2010 ਤੋਂ 17.8.2011 (60 ਸਾਲ ਦੀ ਉਮਰ ਹੋਣ ਤੱਕ) |

**ਡੀ.ਏ.ਵੀ. ਕਾਲਜ, ਅੰਮ੍ਰਿਤਸਰ ਵਿਖੇ ਸਬੰਧਤ ਵਿਦੇਸ਼ੀ ਵਿਦਿਆਰਥਣ ਦੇ ਐਮ.ਐਸ.ਸੀ. (ਕੰਪਿਊਟਰ ਸਾਇੰਸ), ਭਾਗ ਦੂਜਾ ਵਿਚ ਲੇਟ ਦਾਖਲੇ ਦੀ ਪੁਸ਼ਟੀ ।**

5. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਪ੍ਰਿੰਸੀਪਲ, ਡੀ.ਏ.ਵੀ. ਕਾਲਜ, ਅੰਮ੍ਰਿਤਸਰ ਦੀ ਸਿਫ਼ਾਰਸ਼ ਨੂੰ ਮੁੱਖ ਰੱਖਦਿਆਂ ਵਿਦੇਸ਼ੀ ਵਿਦਿਆਰਥਣ- Menbere Workeneh ਦਾ ਐਮ.ਐਸ.ਸੀ. (ਕੰਪਿਊਟਰ ਸਾਇੰਸ) ਭਾਗ ਦੂਜਾ ਵਿਚ ਲੇਟ ਦਾਖਲਾ 1000/- ਰੁਪਏ ਲੇਟ ਫੀਸ ਨਾਲ ਵਿਸ਼ੇਸ਼ ਰੂਪ ਵਿਚ ਪਰਵਾਨ ਕੀਤਾ ਹੈ, ਕਿਉਂਜੋ ਸਬੰਧਤ ਵਿਦਿਆਰਥਣ ਨੂੰ ਇਥੋਪੀਆ ਸਰਕਾਰ ਵੱਲੋਂ ਜਾਰੀ ਵੀਜ਼ਾ ਲੇਟ ਪ੍ਰਾਪਤ ਹੋਇਆ ਸੀ।

**ਐਲ.ਐਲ.ਬੀ. ਆਖਰੀ ਸਾਲ ਦੇ ਵਿਦਿਆਰਥੀਆਂ ਦੇ Moot Court Test ਅਤੇ Court Training ਲਈ ਨਿਯੁਕਤ ਐਡਵੋਕੇਟਸ ਨੂੰ ਮਾਨ-ਭੱਤੇ ਦੀ ਅਦਾਇਗੀ ਸਬੰਧੀ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ ।**

6. ਵਿਚਾਰ ਉਪਰੰਤ

**ਪਾਸ ਹੋਇਆ** ਕਿ ਐਲ.ਐਲ.ਬੀ ਆਖਰੀ ਸਾਲ (ਪੰਜਵਾਂ ਅਤੇ ਛੇਵਾਂ ਸਮੈਸਟਰ) ਦੇ ਵਿਦਿਆਰਥੀਆਂ ਦੇ Moot Court Test ਅਤੇ Court Training ਵਾਸਤੇ ਨਿਯੁਕਤ ਐਡਵੋਕੇਟਸ ਨੂੰ ਮਾਨ-ਭੱਤੇ ਦੀ ਅਦਾਇਗੀ ਕਰਨ 'ਤੇ ਵਿਚਾਰ ਹਿਤ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 5.10.2009 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ ।

**ਮੌਲੀਕਿਊਲਰ ਬਿਆਲੋਜੀ ਤੇ ਬਾਇਓ-ਕੈਮਿਸਟਰੀ ਵਿਭਾਗ ਦੇ ਨਕਾਰਾ ਅਤੇ ਨਾ-ਮੁਰੰਮਤਯੋਗ ਯੰਤਰ ਵੱਟੇ-ਖਾਤੇ ਪਾਉਣ ਬਾਰੇ ਕਮੇਟੀ ਦੀਆਂ ਸਿਫ਼ਾਰਸ਼ਾਂ ਦੀ ਪਰਵਾਨਗੀ ।**

7. ਵਿਚਾਰ ਉਪਰੰਤ

**ਪਾਸ ਹੋਇਆ** ਕਿ ਮੌਲੀਕਿਊਲਰ ਬਿਆਲੋਜੀ ਤੇ ਬਾਇਓ-ਕੈਮਿਸਟਰੀ ਵਿਭਾਗ ਵਿਖੇ ਵੱਖ-ਵੱਖ ਸਮੇਂ ਖ਼ਰੀਦੇ 3,08,894/- ਰੁਪਏ ਕੀਮਤ ਦੇ ਯੰਤਰ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤਯੋਗ ਹੋ ਚੁੱਕੇ ਹਨ, ਨੂੰ ਵੱਟੇ-ਖਾਤੇ ਪਾਉਣ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 25.9.2009 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ ।

**ਬੀ.ਏ. ਭਾਗ ਪਹਿਲਾ ਦੀਆਂ ਦੋ ਵਿਦਿਆਰਥਣਾਂ ਨੂੰ ਅੰਗਰੇਜ਼ੀ ਵਿਸ਼ੇ ਦੀ ਕੰਪਾਰਟਮੈਂਟ ਕਲੀਅਰ ਕਰਨ ਲਈ ਬਿਨਾਂ ਵਿਸ਼ੇਸ਼ ਫੀਸ, ਵਿਸ਼ੇਸ਼ ਮੌਕਾ ਦੇਣ ਦੀ ਪੁਸ਼ਟੀ ।**

8. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸੈਸ਼ਨ 2007-08 ਦੀਆਂ ਹੇਠ ਲਿਖੀਆਂ ਖਿਡਾਰੀ ਵਿਦਿਆਰਥਣਾਂ, ਜੋ ਬਣਦੇ ਮਿਲਣਯੋਗ ਮੌਕਿਆਂ ਦੌਰਾਨ ਬੀ.ਏ. ਭਾਗ ਪਹਿਲਾ ਦੇ ਅੰਗਰੇਜ਼ੀ ਵਿਸ਼ੇ ਦੀ ਕੰਪਾਰਟਮੈਂਟ ਕਲੀਅਰ ਨਹੀਂ ਕਰ ਸਕੀਆਂ, ਨੂੰ ਕੰਪਾਰਟਮੈਂਟ ਕਲੀਅਰ ਕਰਨ ਲਈ ਸਤੰਬਰ 2009 ਵਿਚ ਬਿਨਾਂ ਵਿਸ਼ੇਸ਼ ਫੀਸ, ਵਿਸ਼ੇਸ਼ ਮੌਕਾ ਪਰਦਾਨ ਕੀਤਾ ਹੈ:-

| | |
|---|---|
| 1. ਮਨਪ੍ਰੀਤ ਕੌਰ<br>ਬੀ.ਬੀ.ਕੇ.ਡੀ.ਏ.ਵੀ. ਕਾਲਜ ਫਾਰ ਵੂਮੈਨ,<br>ਅੰਮ੍ਰਿਤਸਰ । | ਉਘੀ ਹੈਂਡਬਾਲ ਖਿਡਾਰਨ |
| 2. ਕਿਰਨਦੀਪ ਕੌਰ,<br>ਖਾਲਸਾ ਕਾਲਜ ਫਾਰ ਵੂਮੈਨ,<br>ਅੰਮ੍ਰਿਤਸਰ । | ਹਾਕੀ ਦੀ ਅੰਤਰਰਾਸ਼ਟਰੀ ਖਿਡਾਰਨ |

**ਲੈਂਡ ਸਕੇਪ ਅਫਸਰ ਦੀ ਅਸਾਮੀ ਲਈ ਯੋਗਤਾਵਾਂ ਨਿਰਧਾਰਤ ਕਰਨ ਸਬੰਧੀ ਕਮੇਟੀ ਦੀਆਂ ਸਿਫਾਰਸ਼ਾਂ ਦੀ ਵਾਧੇ ਸਹਿਤ ਪਰਵਾਨਗੀ ।**

9. ਲੈਂਡ ਸਕੇਪ ਅਫਸਰ ਦੀ ਅਸਾਮੀ ਲਈ ਯੋਗਤਾਵਾਂ ਨਿਰਧਾਰਤ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 5.11.2009 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਉਤੇ ਵਿਚਾਰ ਹੋਈ ।

**ਪਾਸ ਹੋਇਆ** ਕਿ ਲੈਂਡ ਸਕੇਪ ਅਫਸਰ ਦੀ ਅਸਾਮੀ ਲਈ ਯੋਗਤਾਵਾਂ ਨਿਰਧਾਰਤ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 5.11.2009 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਇਸ ਵਾਧੇ ਸਹਿਤ ਪਰਵਾਨ ਕੀਤੀਆਂ ਜਾਂਦੀਆਂ ਹਨ ਕਿ ਯੋਗਤਾਵਾਂ ਦੇ ਕ੍ਰਮ ਨੰ: 1 ਵਿਚ "or M.Sc. Agriculture with 55% marks" ਵੀ ਸ਼ਾਮਲ ਕਰ ਲਿਆ ਜਾਵੇ ।

**ਵੱਖ-ਵੱਖ ਪ੍ਰੀਖਿਆਵਾਂ ਦੇ ਅਧਿਆਦੇਸ਼ਾਂ ਦੀ ਪਰਵਾਨਗੀ ।**

10. ਅਕਾਦਮਿਕ ਕੌਂਸਲ ਦੀ ਇਕੱਤਰਤਾ ਮਿਤੀ 5.2.2009 ਦੇ ਪੈਰਾ V ਰਾਹੀਂ ਮਿਲੇ ਅਧਿਕਾਰਾਂ ਅਧੀਨ ਵਾਈਸ-ਚਾਂਸਲਰ ਸਾਹਿਬ ਦੀ ਸਿਫ਼ਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ (ੳ) ਸਬੰਧਤ ਪਾਠ ਸਿੱਖਿਆ ਬੋਰਡ ਅਤੇ ਡੀਨ ਫੈਕਲਟੀ ਵੱਲੋਂ ਦਿੱਤੇ ਸੁਝਾ ਅਨੁਸਾਰ ਐਮ.ਏ. ਪ੍ਰੀਖਿਆਵਾਂ ਦੇ ਸਾਂਝੇ ਅਧਿਆਦੇਸ਼ਾਂ ਵਿਚ ਐਮ.ਏ. ਕਮਰਸ਼ੀਅਲ ਆਰਟ ਦੀ ਯੋਗਤਾ ਸਬੰਧੀ **ਅੰਤਿਕਾ** ਅਨੁਸਾਰ ਵਿਵਸਥਾ ਸ਼ਾਮਲ ਕੀਤੀ ਜਾਂਦੀ ਹੈ ।

(ਅ) ਸਬੰਧਤ ਪਾਠ ਸਿੱਖਿਆ ਬੋਰਡ ਅਤੇ ਡੀਨ ਫੈਕਲਟੀ ਵੱਲੋਂ ਸੈਸ਼ਨ 2009-10 ਤੋਂ ਸ਼ੁਰੂ ਹੋਏ ਪੀ.ਜੀ. ਡਿਪਲੋਮਾ ਇਨ ਟਰੈਵਲ ਐਂਡ ਟੂਰਿਜ਼ਮ ਕੋਰਸ ਲਈ ਸੁਝਾਏ ਅਧਿਆਦੇਸ਼ **ਅੰਤਿਕਾ** ਅਨੁਸਾਰ ਪਰਵਾਨ ਕੀਤੇ ਜਾਂਦੇ ਹਨ ।

(ੲ) ਸਬੰਧਤ ਪਾਠ ਸਿੱਖਿਆ ਬੋਰਡ ਦੇ ਚੇਅਰਪਰਸਨ ਅਤੇ ਡੀਨ, ਸਾਇੰਸ ਫੈਕਲਟੀ ਵੱਲੋਂ ਡਿਪਲੋਮਾਜ਼ ਅਤੇ ਪੀ.ਜੀ. ਡਿਪਲੋਮਾਜ਼ ਇੰਨ ਹੋਮ ਸਾਇੰਸ ਦੇ ਅਧਿਆਦੇਸ਼ਾਂ ਵਿਚ ਸੁਝਾਈਆਂ ਸੋਧਾਂ **ਅੰਤਿਕਾਵਾਂ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ ।

(ਸ) ਸਬੰਧਤ ਬੋਰਡ ਆਫ਼ ਕੰਟ੍ਰੋਲ ਅਤੇ ਡੀਨ ਫ਼ੈਕਲਟੀ ਵੱਲੋਂ ਸੈਸ਼ਨ 2009-10 ਤੋਂ ਬੀ.ਐਸ ਸੀ. (ਇਲੈਕਟ੍ਰਾਨਿਕਸ ਮੀਡੀਆ) ਕੋਰਸ ਦੇ ਅਧਿਅਦੇਸ਼ਾਂ ਵਿਚ ਸੁਝਾਈ ਹੇਠ ਲਿਖੇ ਅਨੁਸਾਰ ਸੋਧ ਪਰਵਾਨ ਕੀਤੀ ਜਾਂਦੀ ਹੈ:-

| **Existing** | **Proposed** |
|---|---|
| 18. After the completion of full course, each successful candidate shall receive the degree of <u>Bachelor of Electronics media</u> stating the division obtained by the candidate. | 18. After the completion of full course, each successful candidate shall receive the degree of <u>Bachelor of Science in Electronics media</u> stating the division obtained by the candidate. |

ਇਹ ਵੀ **ਪਾਸ ਹੋਇਆ** ਕਿ ਉਕਤ ਸੋਧਾਂ ਸਬੰਧੀ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ ।

**ਮਾਈਗ੍ਰੇਸ਼ਨ ਅਤੇ ਇਸ ਸਬੰਧੀ ਫੀਸਾਂ ਆਦਿ ਨਿਰਧਾਰਤ ਕਰਨ ਹਿਤ ਕਮੇਟੀ ਦੀਆਂ ਸਿਫ਼ਾਰਸ਼ਾਂ ਦੀ ਪਰਵਾਨਗੀ ।**

11. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਂਪਸ ਤੋਂ ਰਿਜਨਲ ਕੈਂਪਸਾਂ ਜਾਂ ਇਸ ਦੇ ਉਲਟ (vice-versa) ਅਤੇ ਇਕ ਕਾਲਜ ਤੋਂ ਦੂਜੇ ਕਾਲਜ ਵਿਖੇ ਮਾਈਗ੍ਰੇਸ਼ਨ ਅਤੇ ਇਸ ਸਬੰਧੀ ਫੀਸਾਂ ਆਦਿ ਨਿਰਧਾਰਤ ਕਰਨ ਹਿਤ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 21.10.2009 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ ਅਤੇ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ ।

**ਮੁਲਤਵੀ ਕੀਤੀ ਮੱਦ ।**

12. ਹੇਠ ਲਿਖੀ ਮੱਦ ਮੁਲਤਵੀ ਕੀਤੀ ਗਈ :-

> "ਇਸ ਯੂਨੀਵਰਸਿਟੀ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਕਾਲਜਾਂ ਵਿਚ ਕੰਮ ਕਰ ਰਹੇ ਅਧਿਆਪਕਾਂ ਦੇ CPF ਦੀ deduction ਸਬੰਧੀ ਮਾਮਲੇ ਨੂੰ ਵਿਚਾਰਨ ਹਿਤ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਮਿਤੀ 23.9.2009 ਦੀ ਸਿਫ਼ਾਰਸ਼ **ਅੰਤਿਕਾ** ਅਨੁਸਾਰ ਉਤੇ ਵਿਚਾਰ ਕਰਨੀ ।"

**ਇਸ ਯੂਨੀਵਰਸਿਟੀ ਵਿਖੇ ਕੰਮ ਕਰ ਰਹੇ ਅਧਿਆਪਕਾਂ ਦੇ ਅਹੁਦੇ ਵਿਚ ਸੋਧ ਦੀ ਪਰਵਾਨਗੀ ।**

13. ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਜਾਬ ਸਰਕਾਰ, ਉਚੇਰੀ ਸਿੱਖਿਆ ਵਿਭਾਗ ਦੇ ਨੋਟੀਫਿਕੇਸ਼ਨ ਨੰ: 10/3/09-3Edu.1/3321 ਮਿਤੀ 2.9.2009 ਨੂੰ ਮੁੱਖ ਰੱਖਦਿਆਂ ਅਤੇ ਦੂਜੀਆਂ ਯੂਨੀਵਰਸਿਟੀਆਂ ਨਾਲ ਇਕਸਾਰਤਾ ਲਈ, ਇਸ ਯੂਨੀਵਰਸਿਟੀ ਵਿਖੇ Lecturer/s ਅਤੇ Reader/s ਦੇ ਵਰਤਮਾਨ ਅਹੁੱਦਿਆਂ ਵਿਚ ਕ੍ਰਮਵਾਰ ਅਸਿਸਟੈਂਟ ਪ੍ਰੋਫੈਸਰ ਅਤੇ ਐਸੋਸੀਏਟ ਪ੍ਰੋਫੈਸਰ ਵਜੋਂ ਤਬਦੀਲੀ ਕਰਨ ਦੀ ਪਰਵਾਨਗੀ ਦਿੰਦੇ ਹੋਏ ਇਸ ਸਬੰਧੀ ਯੂਨੀਵਰਸਿਟੀ ਐਕਟ, ਸਟੈਚਿਊਟਸ, ਅਧਿਆਦੇਸ਼ਾਂ ਅਤੇ ਰੈਗੂਲੇਸ਼ਨਜ਼ ਵਿਚ ਹੇਠ ਲਿਖੇ ਅਨੁਸਾਰ ਸੋਧ ਕਰਨ ਦੀ ਪਰਵਾਨਗੀ ਦਿਤੀ ਜਾਂਦੀ ਹੈ:-

| **Present** | **Proposed** |
|---|---|
| **Page ii (Section 2(d))**<br>"Teachers" include Professors, Readers, Lecturers and other persons imparting instruction in the University or in any College. | **Page ii (Section 2(d))**<br>"Teachers" include Professors, Associate Professors, Assistant Professors and other persons imparting instruction in the University or in any College. |
| **Page iii (Section 4(7))**<br>To institute Professorships, Readerships, Lecturerships and any other teaching posts required by the University and to appoint persons to such Professorships, Readerships, Lecturerships and other posts. | **Page iii (Section 4(7))**<br>To institute Professorships, Associate Professorships, Assistant Professorships and any other teaching posts required by the University and to appoint persons to such Professorships, Associate Professorships, Assistant Professorships and other posts. |
| **Page xi (Section 13(iv))-Ordinary Fellows**<br>One Reader and One Lecturer with atleast five years postgraduate | **Page xi (Section 13(iv))-Ordinary Fellows**<br>One Associate Professor and One Assistant Professor with atleast five years |

| | |
|---|---|
| teaching experince, by rotation, according to age. | postgraduate teaching experince, by rotation, according to age. |

"**Note:** Wherever the word/s Lecturer/s and Reader/s find place in the Act, Statutes, Ordinances and Regulations in GNDU Calendars, this/these be replaced with Assistant Professor/s and Associate Professor/s respectively."

ਇਹ ਵੀ **ਪਾਸ ਹੋਇਆ** ਕਿ ਉਕਤ ਸੋਧਾਂ ਸਬੰਧੀ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿਤਾ ਜਾਵੇ ।

ਇਹ ਨੋਟ ਕੀਤਾ ਕਿ ਐਕਟ ਦੀ ਸੋਧ ਹਿਤ ਮਾਮਲਾ ਪੰਜਾਬ ਸਰਕਾਰ ਨੂੰ ਭੇਜਿਆ ਜਾਵੇਗਾ ।

**ਸਬੰਧਤ ਵਿਦਿਆਰਥੀ ਦਾ ਐਮ.ਟੈਕ. (ਕੰਪਿਊਟਰ ਸਾਇੰਸ ਐਂਡ ਇੰਜੀਨੀਰਿੰਗ) ਵਿਚ ਦਾਖਲਾ ਨਿਯਮਤ ਕਰਨ ਦੀ ਪੁਸ਼ਟੀ ।**

14. ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕਰਨ 'ਤੇ ਵਿਚਾਰ ਹੋਈ ਜਿਸ ਰਾਹੀਂ ਉਨ੍ਹਾਂ ਨੇ ਕੰਪਿਊਟਰ ਸਾਇੰਸ ਤੇ ਇੰਜੀਨੀਰਿੰਗ ਦੇ ਬੋਰਡ ਆਫ ਕੰਟਰੋਲ ਦੀ ਸਿਫ਼ਾਰਸ਼ ਅਨੁਸਾਰ ਅਕਾਸ਼ਦੀਪ ਦਾ ਐਮ.ਟੈਕ. (ਕੰਪਿਊਟਰ ਸਾਇੰਸ ਐਂਡ ਇੰਜੀਨੀਰਿੰਗ) ਪਹਿਲਾ ਸਮੈਸਟਰ ਵਿਚ ਪ੍ਰਾਸਪੈਕਟਸ ਵਿਚ ਦਰਜ ਸ਼ਰਤਾਂ ਅਨੁਸਾਰ ਸੈਸ਼ਨ 2009-10 ਦੌਰਾਨ ਕੀਤਾ ਦਾਖਲਾ, ਅਧਿਆਦੇਸ਼ਾਂ ਵਿਚ ਛੋਟ ਦੇ ਕੇ, ਨਿਯਮਤ ਕਰਨ ਦੀ ਵਿਸ਼ੇਸ਼ ਪਰਵਾਨਗੀ ਦਿੱਤੀ ਹੈ, ਕਿਉਂਜੋ ਅਧਿਆਦੇਸ਼ਾਂ ਵਿਚ ਅਲਿਜਿਬਿਲਟੀ ਸਬੰਧੀ ਸੋਧ ਹੋ ਜਾਣ ਕਰਕੇ ਪ੍ਰਾਸਪੈਕਟਸ ਵਿਚ ਇਸ ਸਬੰਧੀ ਵਿਵਸਥਾ ਦਰਜ ਨਹੀਂ ਹੋ ਸਕੀ ।

ਹੇਠ ਲਿਖੇ ਨੋਟ 'ਤੇ ਵੀ ਵਿਚਾਰ ਹੋਈ:-

**ਨੋਟ:** ਉਕਤ ਵਿਦਿਆਰਥੀ ਨੂੰ ਸੈਸ਼ਨ 2009-10 ਦੌਰਾਨ ਕੰਪਿਊਟਰ ਸਾਇੰਸ ਅਤੇ ਇੰਜੀਨੀਰਿੰਗ ਵਿਭਾਗ ਵਿਖੇ ਪ੍ਰਾਸਪੈਕਟਸ ਵਿਚ ਦਰਜ ਵਿਵਸਥਾ ਅਨੁਸਾਰ ਐਮ.ਟੈਕ. (ਕੰਪਿਊਟਰ ਸਾਇੰਸ ਅਤੇ ਇੰਜੀਨੀਰਿੰਗ) ਪਹਿਲਾ ਸਮੈਸਟਰ ਵਿਚ ਦਾਖਲ ਕੀਤਾ ਗਿਆ ਸੀ, ਪ੍ਰੰਤੂ ਅਧਿਆਦੇਸ਼ਾਂ ਅਨੁਸਾਰ ਯੋਗ ਨਾ ਹੋਣ ਕਰਕੇ ਸਬੰਧਤ ਵਿਦਿਆਰਥੀ ਦਾ ਦਾਖਲਾ ਰੱਦ ਕਰ ਦਿਤਾ ਗਿਆ। ਵਿਭਾਗ ਦੇ ਬੋਰਡ ਆਫ ਕੰਟਰੋਲ ਨੇ ਉਸ ਦੇ ਦਾਖਲੇ ਦੀ ਪਰਵਾਨਗੀ ਦੀ ਸਿਫ਼ਾਰਸ਼ ਕੀਤੀ ਹੈ, ਕਿਉਂਜੋ ਇਹ ਗਲਤੀ ਯੂਨੀਵਰਸਿਟੀ ਪੱਧਰ ਤੇ ਹੋਈ ਹੈ ਅਤੇ ਪ੍ਰਾਸਪੈਕਟਸ ਵਿਚ ਦਰਜ ਸ਼ਰਤਾਂ ਅਨੁਸਾਰ ਵਿਦਿਆਰਥੀ ਯੋਗ ਬਣਦਾ ਹੈ ।

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਉਕਤ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ।

**ਡਿਸਟੈਂਸ ਐਜੂਕੇਸ਼ਨ ਅਧੀਨ ਐਸੋਸੀਏਟ ਇੰਸਟੀਚਿਊਟਸ ਵਿਚ ਲਗਾਤਾਰ ਦੋ ਸਾਲ ਤੱਕ 40% ਦਾਖਲੇ ਨਾ ਹੋਣ ਦੀ ਸੂਰਤ ਵਿਚ ਸਬੰਧਤ ਯੂਨਿਟ ਜਾਰੀ ਨਾ ਰੱਖਣ ਦਾ ਨਿਰਣਾ ।**

15. ਵਾਈਸ-ਚਾਂਸਲਰ ਸਾਹਿਬ ਦੀ ਸਿਫ਼ਾਰਸ਼ 'ਤੇ ਵਿਚਾਰ ਕਰਨੀ ਕਿ ਸਟੈਂਡਿੰਗ ਕਮੇਟੀ ਆਨ ਡਿਸਟੈਂਸ ਐਜੂਕੇਸ਼ਨ ਦੀ ਮਿਤੀ 11.9.2009 ਦੀ ਹੇਠ ਲਿਖੀ ਸਿਫ਼ਾਰਸ਼ ਨੂੰ ਮੁਖ ਰਖਦਿਆਂ ਡਿਸਟੈਂਸ ਐਜੂਕੇਸ਼ਨ ਅਧੀਨ ਐਸੋਸੀਏਟ ਇੰਸਟੀਚਿਊਟਸ ਵਿਚ ਅਲਾਟ ਕੀਤੇ ਕੋਰਸ ਦੇ ਕਿਸੇ ਯੂਨਿਟ ਵਿਚ ਦਾਖਲੇ ਦੀ ਨਾਰਮਲ ਮਿਤੀ ਤੱਕ ਘਟੋ-ਘੱਟ 40% ਵਿਦਿਆਰਥੀ ਦਾਖਲ ਕਰਨ ਦੀ ਸ਼ਰਤ ਹਟਾ ਦਿਤੀ ਜਾਵੇ ਕਿਉਂਜੋ ਇਨ੍ਹਾਂ ਸੰਸਥਾਵਾਂ ਵਿਚ ਦਾਖਲੇ ਦੀ ਗਿਣਤੀ ਘਟੀ ਹੈ:-

> "ਐਸੋਸੀਏਟ ਸੰਸਥਾਵਾਂ ਵਿਚ ਕੋਰਸਾਂ ਦੇ ਯੂਨਿਟ ਵਿਚ 40% ਦਾਖਲੇ ਤੋਂ ਛੋਟ ਦੇਣ ਬਾਰੇ ਫੈਸਲਾ ਲਿਆ ਗਿਆ ਕਿ ਸੈਸ਼ਨ 2009-10 ਲਈ ਡਿਸਟੈਂਸ ਐਜੂਕੇਸ਼ਨ ਅਧੀਨ ਐਸੋਸੀਏਟ ਇੰਸਟੀਚਿਊਟਸ ਵਿਚ 40% ਦਾਖਲੇ ਤੋਂ ਛੋਟ ਦੇ ਦਿੱਤੀ ਜਾਵੇ ਅਤੇ ਅਗੋਂ ਵਿਚਾਰ ਲਈ ਮਾਮਲਾ ਆਉਣ ਵਾਲੀ ਸਿੰਡੀਕੇਟ ਮੀਟਿੰਗ ਵਿਚ ਰਖ ਲਿਆ ਜਾਵੇ ।"

ਸਾਰੇ ਪੱਖਾਂ ਤੋਂ ਵਿਚਾਰਨ ਉਪਰੰਤ

**ਪਾਸ ਹੋਇਆ** ਕਿ ਐਸੋਸੀਏਟ ਸੰਸਥਾਵਾਂ ਵਿਚ ਡਿਸਟੈਂਸ ਐਜੂਕੇਸ਼ਨ ਅਧੀਨ ਅਲਾਟ ਕੀਤੇ ਕੋਰਸ ਦੇ ਕਿਸੇ ਯੂਨਿਟ ਵਿਚ ਲਗਾਤਾਰ ਦੋ ਸਾਲ ਤੱਕ ਦਾਖਲੇ ਦੀ ਨਾਰਮਲ ਮਿਤੀ ਤੱਕ 40% ਵਿਦਿਆਰਥੀ ਦਾਖਲ ਨਾ ਹੋਣ ਦੀ ਸੂਰਤ ਵਿਚ ਸਬੰਧਤ ਯੂਨਿਟ ਜਾਰੀ ਰੱਖਣ ਦੀ ਆਗਿਆ ਨਹੀਂ ਹੋਵੇਗੀ ।

**ਸਬੰਧਤ ਅਧਿਆਪਕਾਂ ਵੱਲੋਂ ਦਿੱਲੀ ਦੇ ਦੋ ਕਾਲਜਾਂ ਤੋਂ ਟੀ.ਏ./ਡੀ.ਏ. ਪ੍ਰਾਪਤ ਕਰਨ ਦਾ ਕੇਸ।**

16. ਡਾ. ਜੀ.ਐਸ. ਭੱਲਾ, ਪ੍ਰੋਫੈਸਰ, ਕਮਰਸ ਅਤੇ ਬਿਜ਼ਨੈਸ ਮੈਨਜਮੈਂਟ ਵਿਭਾਗ ਅਤੇ ਡਾ. ਸੁਖਦੇਵ ਸਿੰਘ, ਪ੍ਰੋਫੈਸਰ, ਅੰਗਰੇਜ਼ੀ ਵਿਭਾਗ, ਜੋ ਦਿੱਲੀ ਦੇ ਦੋ ਕਾਲਜਾਂ- ਏਸ਼ੀਆ ਪੈਸੀਫਿਕ ਇੰਸੀਟੀਚਿਊਟ ਆਫ ਮੈਨੇਜਮੈਂਟ ਅਤੇ ਸ੍ਰੀ ਗੁਰੂ ਅਰਜਨ ਦੇਵ ਇੰਸੀਟੀਚਿਊਟ ਆਫ ਮੈਨੇਜਮੈਂਟ ਐਂਡ ਇਨਫਰਮੇਸ਼ਨ ਟੈਕਨਾਲੋਜੀ ਵਿਖੇ ਲੈਕਚਰਾਰਾਂ ਦੀ ਚੋਣ ਸਬੰਧੀ ਮਿਤੀ 12.7.2008 ਅਤੇ 13.7.2008 ਨੂੰ ਚੋਣ ਕਮੇਟੀ ਵਿਚ ਵਿਸ਼ਾ ਮਾਹਿਰ ਵਜੋਂ ਸ਼ਾਮਿਲ ਹੋਏ, ਵੱਲੋਂ ਦੋਹਾਂ ਕਾਲਜਾਂ ਤੋਂ ਟੀ.ਏ./ਡੀ.ਏ. ਪ੍ਰਾਪਤ ਕਰਨ ਦੇ ਕੇਸ ਵਿਚ ਪੜਤਾਲੀਆ ਅਫਸਰ ਦੀ ਮਿਤੀ 28.10.2009 ਦੀ ਰਿਪੋਰਟ **ਅੰਤਿਕਾ** ਅਨੁਸਾਰ ਉਤੇ ਵਿਚਾਰ ਹੋਈ ।

ਹੇਠ ਲਿਖੇ ਨੋਟ 'ਤੇ ਵੀ ਵਿਚਾਰ ਹੋਈ:-

**ਨੋਟ:** ਸਿੰਡੀਕੇਟ ਨੇ ਆਪਣੀ ਇਕੱਤਰਤਾ ਮਿਤੀ 4.12.2008 ਦੇ ਪੈਰਾ 34 ਰਾਹੀਂ ਹੇਠ ਲਿਖੇ ਅਨੁਸਾਰ ਨਿਰਣਾ ਲਿਆ ਸੀ:-

> "34. ਡਾ. ਜੀ.ਐਸ. ਭੱਲਾ, ਪ੍ਰੋਫੈਸਰ, ਬਿਜ਼ਨੈਸ ਤੇ ਕਮਰਸ ਵਿਭਾਗ ਅਤੇ ਡਾ. ਸੁਖਦੇਵ ਸਿੰਘ, ਪ੍ਰੋਫੈਸਰ, ਅੰਗਰੇਜ਼ੀ ਵਿਭਾਗ, ਜੋ ਦਿੱਲੀ ਦੇ ਦੋ ਕਾਲਜਾਂ - ਏਸ਼ੀਆ ਪੈਸੀਫਿਕ ਇੰਸਟੀਚਿਊਟ ਆਫ਼ ਮੈਨੇਜਮੈਂਟ ਅਤੇ ਗੁਰੂ ਅਰਜਨ ਦੇਵ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਇਨਫ਼ਰਮੇਸ਼ਨ ਟੈਕਨਾਲੋਜੀ ਵਿਖੇ ਲੈਕਚਰਾਰਾਂ ਦੀ ਚੋਣ ਸਬੰਧੀ ਮਿਤੀ 12.7.2008 ਅਤੇ 13.7.2008 ਨੂੰ ਚੋਣ ਕਮੇਟੀ ਵਿਚ ਵਿਸ਼ਾ ਮਾਹਿਰ ਵਜੋਂ ਸ਼ਾਮਲ ਹੋਏ, ਵੱਲੋਂ ਦੋਹਾਂ ਕਾਲਜਾਂ ਤੋਂ ਟੀ.ਏ./ਡੀ.ਏ. ਲੈਣ ਸਬੰਧੀ ਪ੍ਰਾਪਤ ਸ਼ਿਕਾਇਤ ਘੋਖਣ ਹਿਤ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਰਿਪੋਰਟ (ਅੰਤਿਕਾ ਅਨੁਸਾਰ) ਨੂੰ ਮੁੱਖ ਰੱਖਦਿਆਂ ਉਕਤ ਅਧਿਆਪਕਾਂ ਨੂੰ ਚਾਰਜ-ਸ਼ੀਟ (ਅੰਤਿਕਾਵਾਂ ਅਨੁਸਾਰ) ਜਾਰੀ ਕਰਨ 'ਤੇ ਵਿਚਾਰ

ਹੋਈ ।

ਪਾਸ ਹੋਇਆ ਕਿ ਦੋਹਾਂ ਅਧਿਆਪਕਾਂ ਨੂੰ ਦਿੱਤੇ ਜਾਣ ਵਾਲੀਆਂ ਚਾਰਜ ਸ਼ੀਟਾਂ (ਅੰਤਿਕਾਵਾਂ ਅਨੁਸਾਰ) ਦੀ ਪਰਵਾਨਗੀ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਦਾ ਉਤਰ ਪ੍ਰਾਪਤ ਹੋਣ ਉਪਰੰਤ full-dressed ਇਨਕੁਆਰੀ ਕੀਤੀ ਜਾਵੇ ।"

ਫਲਸਰੂਪ ਸ੍ਰੀ ਕੇ.ਬੀ.ਐਸ. ਸਿੱਧੂ ਆਈ.ਏ.ਐਸ. (ਰਿਟਾ.) ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ ਸੀ ।

ਕੇਸ ਨੂੰ ਸਾਰੇ ਪੱਖਾਂ ਤੋਂ ਵਿਚਾਰਿਆ ਗਿਆ। ਉਪਰੰਤ

**ਪਾਸ ਹੋਇਆ** ਕਿ ਮਾਮਲੇ ਦੀ ਤਹਿ ਤਕ ਜਾਣ ਲਈ ਅਤੇ ਨਿਰਣਾ ਲੈਣ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਯੂਨੀਵਰਸਿਟੀ ਹੈਲਥ ਸੈਂਟਰ ਵਿਖੇ ਐਕਸ-ਰੇ ਮਸ਼ੀਨ ਲਗਾਉਣ; ਡਿਸਪੈਂਸਰ-ਕਮ-ਫਾਰਮਾਸਿਸਟ ਦੀ ਇਕ ਅਸਾਮੀ ਰੇਡੀਓਗ੍ਰਾਫਰ ਵਿਚ ਤਬਦੀਲ ਕਰਨ ਅਤੇ ਇਸ ਦੀਆਂ ਯੋਗਤਾਵਾਂ ਦੀ ਪਰਵਾਨਗੀ ।**

17. ਵਾਈਸ ਚਾਂਸਲਰ ਸਾਹਿਬ ਦੀਆਂ ਹੇਠ ਲਿਖੀਆਂ ਸਿਫ਼ਾਰਸ਼ਾਂ ਤੇ ਵਿਚਾਰ ਹੋਈ :-

(ੳ) ਕਿ ਯੂਨੀਵਰਸਿਟੀ ਕੈਂਪਸ ਵਿਖੇ ਸਿਹਤ ਸਹੂਲਤਾਂ ਵਿਚ ਵਾਧਾ ਕਰਨ ਲਈ ਯੂਨੀਵਰਸਿਟੀ ਹੈਲਥ ਸੈਂਟਰ ਵਿਖੇ ਐਕਸ ਰੇ ਮਸ਼ੀਨ ਲਾਉਣ ਹਿਤ ਸਾਲ 2010-11 ਦੇ ਬਜਟ ਵਿਚ ਲੋੜੀਂਦੀ ਵਿਵਸਥਾ ਕੀਤੀ ਜਾਵੇ ਅਤੇ ਹੈਲਥ ਸੈਂਟਰ ਵਿਖੇ ਡਿਸਪੈਂਸਰ-ਕਮ-ਫਾਰਮਾਸਿਸਟ (ਗ੍ਰੇਡ 4550-7220) ਦੀ ਇਕ ਅਸਾਮੀ ਨੂੰ X-Ray Technologist-cum-Dark Room Attendent (revised scale Rs. 5910-20200+Grade pay of Rs. 3000/-) ਵਿਚ ਤਬਦੀਲ ਕਰ ਦਿਤਾ ਜਾਵੇ ।

(ਅ) ਐਕਸ ਰੇ ਟੈਕਨਾਲੋਜਿਸਟ-ਕਮ-ਡਾਰਕ ਰੂਮ ਅਟੈਂਡੈਂਟ ਦੀ ਅਸਾਮੀ ਲਈ Atomic Energy Regulatory Board, Govt. of India ਵੱਲੋਂ ਨਿਰਧਾਰਤ ਹੇਠ ਲਿਖੀਆਂ ਯੋਗਤਾਵਾਂ ਇਸ ਯੂਨੀਵਰਸਿਟੀ ਵਿਖੇ ਅਡਾਪਟ ਕਰ ਲਈਆਂ ਜਾਣ :-

1. 10+2 or equivalent examination with science subjects from a recognized board; and
2. Radiographer/X-Ray Technologist Diploma course of a minimum one year duration (including in-field training in Diagnostic Radiology passed from a recognized Institution).

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਾਹਿਬ ਦੀਆਂ ਉਕਤ ਸਿਫ਼ਾਰਸ਼ਾਂ ਇਸ ਸੋਧ ਸਹਿਤ ਪਰਵਾਨ ਕੀਤੀਆਂ ਜਾਂਦੀਆਂ ਹਨ ਕਿ -

(i) ਐਕਸ ਰੇ ਟੈਕਨਾਲੋਜਿਸਟ-ਕਮ-ਡਾਰਕ ਰੂਮ ਐਂਟਡੈਂਟ ਦੀ ਥਾਂ ਇਸ ਅਸਾਮੀ ਦਾ ਨਾਮ ਰੇਡੀਓਗ੍ਰਾਫਰ ਕੀਤਾ ਜਾਂਦਾ ਹੈ ।

(ii) 'ਅ' ਅਧੀਨ ਦਰਜ ਯੋਗਤਾਵਾਂ ਵਿਚ "Punjabi upto Matric level" ਵੀ ਸ਼ਾਮਲ ਕੀਤਾ ਜਾਂਦਾ ਹੈ ।

**ਸ੍ਰੀਮਤੀ ਜਗਜੀਤ ਕੌਰ ਨੂੰ ਐਨ.ਐਸ.ਐਸ. ਵਿਭਾਗ ਵਿਚ ਫੀਲਡ ਆਰਗੇਨਾਈਜ਼ਰ ਦੀ ਅਸਾਮੀ ਉਤੇ ਹਮਦਰਦੀ ਦੇ ਅਧਾਰ 'ਤੇ ਨਿਯੁਕਤ ਕਰਨ ਦੀ ਪਰਵਾਨਗੀ ।**

18. ਵਾਈਸ-ਚਾਂਸਲਰ ਸਾਹਿਬ ਦੀ ਸਿਫ਼ਾਰਸ਼ 'ਤੇ ਵਿਚਾਰ ਹੋਈ ਕਿ ਸ੍ਰੀਮਤੀ ਜਗਜੀਤ ਕੌਰ ਪਤਨੀ ਸਵਰਗੀ ਡਾ. ਜਤਿੰਦਰਪਾਲ ਸਿੰਘ ਜੌਲੀ, ਰੀਡਰ, ਪੰਜਾਬੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਜੋ ਸਿੰਡੀਕੇਟ ਦੀ ਇਕੱਤਰਤਾ ਮਿਤੀ 16.12.1994 ਦੇ ਪੈਰਾ 35 ਰਾਹੀਂ ਐਨ.ਐਸ.ਐਸ. ਵਿਭਾਗ ਵਿਚ ਫੀਲਡ ਆਰਗੇਨਾਈਜ਼ਰ ਦੀ ਅਸਾਮੀ ਲਈ ਨਿਰਧਾਰਤ ਵਿਦਿਅਕ ਯੋਗਤਾਵਾਂ ਤੋਂ ਉਚੇਰੀਆਂ ਯੋਗਤਾਵਾਂ ਰਖਦੀ ਹੈ, ਨੂੰ 'ਦਫਤਰ ਦਾ ਘੱਟੋ ਘਟ ਪੰਜ ਸਾਲ ਦੇ ਤਜਰਬੇ ਹੋਣ ਦੀ ਸ਼ਰਤ' ਤੋਂ ਛੋਟ ਦੇ ਕੇ, ਫੀਲਡ ਆਰਗੇਨਾਈਜ਼ਰ ਦੀ ਖਾਲੀ ਅਸਾਮੀ ਉਤੇ ਹਮਦਰਦੀ ਦੇ ਅਧਾਰ 'ਤੇ ਨਿਯੁਕਤ ਕੀਤਾ ਜਾਵੇ ।

ਹੇਠ ਲਿਖੇ ਨੋਟ 'ਤੇ ਵੀ ਵਿਚਾਰ ਹੋਈ:-

**ਨੋਟ:** 1. ਸਿੰਡੀਕੇਟ ਦੀ ਇਕੱਤਰਤਾ ਮਿਤੀ 16.12.1994 ਦੇ ਪੈਰਾ 35 ਰਾਹੀਂ ਐਨ.ਐਸ.ਐਸ. ਵਿਭਾਗ ਵਿਖੇ ਫੀਲਡ ਆਰਗੇਨਾਈਜ਼ਰ ਦੀ ਅਸਾਮੀ ਲਈ ਹੇਠ ਲਿਖੀਆਂ ਯੋਗਤਾਵਾਂ ਨਿਰਧਾਰਤ ਕੀਤੀਆਂ ਗਈਆਂ ਸਨ:-

| | |
|---|---|
| 1. ਮਾਸਟਰ ਡਿਗਰੀ | ਦੂਜੇ ਦਰਜੇ ਵਿਚ |
| 2. ਦਫਤਰੀ ਕੰਮ ਦਾ ਘੱਟੋ-ਘਟ ਪੰਜ ਸਾਲ ਦਾ ਤਜਰਬਾ | |

**ਨੋਟ:** 2. ਸ੍ਰੀਮਤੀ ਜਗਜੀਤ ਕੌਰ ਦੀਆਂ ਵਿਦਿਅਕ ਯੋਗਤਾਵਾਂ ਹੇਠ ਲਿਖੇ ਅਨੁਸਾਰ ਹਨ:-

| | |
|---|---|
| 1. ਮੈਟ੍ਰਿਕ | ਪਹਿਲੀ ਡਵੀਜ਼ਨ |
| 2. ਬੀ.ਏ. ਆਨਰਜ਼ ਸਕੂਲ (ਪੰਜਾਬੀ) | ਪਹਿਲੀ ਡਵੀਜ਼ਨ |
| 3. ਐਮ.ਏ. ਆਨਰਜ਼ ਸਕੂਲ (ਪੰਜਾਬੀ) | ਪਹਿਲੀ ਡਵੀਜ਼ਨ |
| 4. ਯੂ.ਜੀ.ਸੀ. ਨੈਟ ਪਾਸ | |
| 5. ਪੀ.ਐਚ.ਡੀ. | |

**ਨੋਟ:** 3 ਪੂਰਵ ਉਦਾਹਰਨ ਤੌਰ ਤੇ ਇਹ ਵੀ ਜਾਣਕਾਰੀ ਹਿਤ ਦਸਿਆ ਜਾਂਦਾ ਹੈ ਕਿ ਉਕਤ ਅਸਾਮੀ ਤੇ ਸ੍ਰੀਮਤੀ ਮਨਜੀਤ ਕੌਰ (ਰਿਟਾਇਰਡ) ਨੂੰ ਵੀ ਤਰਸ ਦੇ ਅਧਾਰ ਤੇ ਨਿਯੁਕਤ ਕੀਤਾ ਸੀ ਅਤੇ ਉਸ ਦੇ ਕੇਸ ਵਿਚ ਸਿੰਡੀਕੇਟ ਨੇ 'ਦਫਤਰੀ ਕੰਮ ਦੇ 5 ਸਾਲ ਦੇ ਤਜ਼ਰਬੇ' ਦੀ ਸ਼ਰਤ ਤੋਂ ਛੋਟ ਵੀ ਦਿਤੀ ਸੀ ।

**ਪਾਸ ਹੋਇਆ** ਕਿ ਸ੍ਰੀਮਤੀ ਜਗਜੀਤ ਕੌਰ ਪਤਨੀ ਸਵਰਗੀ ਡਾ. ਜਤਿੰਦਰਪਾਲ ਸਿੰਘ ਜੌਲੀ, ਰੀਡਰ, ਪੰਜਾਬੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਨੂੰ ਫੀਲਡ ਆਰਗੇਨਾਈਜ਼ਰ ਦੀ ਅਸਾਮੀ ਲਈ 'ਦਫਤਰ ਦਾ ਘੱਟੋ ਘਟ ਪੰਜ ਸਾਲ ਦਾ ਤਜਰਬਾ ਹੋਣ ਦੀ ਨਿਰਧਾਰਤ ਸ਼ਰਤ' ਤੋਂ ਛੋਟ ਦੇ ਕੇ, ਫੀਲਡ ਆਰਗੇਨਾਈਜ਼ਰ ਦੀ ਖਾਲੀ ਅਸਾਮੀ ਉਤੇ ਹਮਦਰਦੀ ਦੇ ਅਧਾਰ(compassionate ground) 'ਤੇ ਨਿਯੁਕਤ ਕੀਤਾ ਜਾਂਦਾ ਹੈ ।

**ਸ੍ਰੀ ਵਿਕਰਮਜੀਤ, ਪ੍ਰੋਗਰਾਮਰ, ਰਿਜਨਲ ਕੈਂਪਸ, ਗੁਰਦਾਸਪੁਰ ਦਾ ਅਸਤੀਫਾ ਵਾਪਿਸ ਲੈਣ ਦੀ ਪਰਵਾਨਗੀ ।**

19 ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਹੋਈ ਕਿ ਸ੍ਰੀ ਵਿਕਰਮਜੀਤ, ਪ੍ਰੋਗਰਾਮਰ, ਰਿਜਨਲ ਕੈਂਪਸ, ਗੁਰਦਾਸਪੁਰ ਨੂੰ ਉਸ ਵੱਲੋਂ ਘਰੇਲੂ ਹਾਲਾਤਾਂ ਕਾਰਣ ਯੂਨੀਵਰਸਿਟੀ ਸੇਵਾ ਤੋਂ ਮਿਤੀ 12.10.2009 (ਬਾਅਦ ਦੁਪਹਿਰ) ਤੋਂ ਦਿਤਾ ਅਸਤੀਫਾ ਵਾਪਸ ਲੈਣ ਦੀ ਪਰਵਾਨਗੀ ਦਿਤੀ ਜਾਵੇ, ਪ੍ਰੰਤੂ ਉਸ ਦੀ ਸਰਵਿਸ ਮੁੜ ਹਾਜ਼ਰ ਹੋਣ ਦੀ ਮਿਤੀ ਤੋਂ ਗਿਣੀ ਜਾਵੇਗੀ ।

ਹੇਠ ਲਿਖੇ ਨੋਟ 'ਤੇ ਵੀ ਵਿਚਾਰ ਹੋਈ:-

**ਨੋਟ:** ਸ੍ਰੀ ਵਿਕਰਮਜੀਤ, ਪ੍ਰੋਗਰਾਮਰ, ਰਿਜਨਲ ਕੈਂਪਸ, ਗੁਰਦਾਸਪੁਰ ਵੱਲੋਂ ਘਰੇਲੂ ਹਾਲਾਤਾਂ ਕਾਰਣ ਦਿਤਾ ਅਸਤੀਫਾ ਯੂਨੀਵਰਸਿਟੀ ਨਿਯਮਾਂ ਅਨੁਸਾਰ ਤਿੰਨ ਮਹੀਨੇ ਦੇ ਨੋਟਿਸ ਬਦਲੇ ਤਿੰਨ ਮਹੀਨੇ ਦੀ ਤਨਖਾਹ ਜਮ੍ਹਾਂ ਕਰਾਉਣ ਦੀ ਸ਼ਰਤ ਤੇ ਪਰਵਾਨ ਕੀਤਾ ਗਿਆ ਸੀ । ਉਸ ਵੱਲੋਂ ਮਿਤੀ 23.10.2009 ਨੂੰ ਬਿਨੈ-ਪੱਤਰ ਦੁਆਰਾ ਘਰੇਲੂ ਹਾਲਾਤ ਠੀਕ ਹੋ ਜਾਣ ਕਾਰਣ ਅਸਤੀਫਾ ਰੱਦ ਕਰਨ ਦੀ ਬੇਨਤੀ ਕੀਤੀ ਗਈ, ਜਿਸ ਦੀ ਸਿਫ਼ਾਰਸ਼ ਮੁਖੀ ਵਿਭਾਗ ਅਤੇ ਐਸੋਸੀਏਟ ਡੀਨ ਅਕਾਦਮਿਕ ਮਾਮਲੇ ਅਤੇ ਵਿਦਿਆਰਥੀ ਭਲਾਈ ਵੱਲੋਂ ਕੀਤੀ ਗਈ ਹੈ । **ਅੰਤਿਕਾ** ਅਨੁਸਾਰ ਦਿਤੇ C.S.R. ਦੇ ਨਿਯਮਾਂ ਅਨੁਸਾਰ ਅਸਤੀਫਾ ਦੇਣ ਦੀ ਮਿਤੀ ਅਤੇ ਦੁਬਾਰਾ ਜਾਇਨ ਕਰਨ ਦੀ ਮਿਤੀ ਵਿਚ 90 ਦਿਨ ਤੋਂ ਜ਼ਿਆਦਾ ਅੰਤਰ ਨਹੀਂ ਹੋਣਾ ਚਾਹੀਦਾ । ਉਸ ਨੇ ਆਪਣਾ ਅਸਤੀਫਾ ਮਿਤੀ 12.10.2009 ਨੂੰ ਦਿਤਾ ਹੈ ਅਤੇ ਮਿਤੀ 9.1.2010 ਤੋਂ ਪਹਿਲਾਂ-ਪਹਿਲਾਂ ਉਸ ਦਾ ਅਸਤੀਫਾ ਵਾਪਸ ਲੈਣ ਸਬੰਧੀ ਪਰਵਾਨਗੀ ਦੇਣ ਤੇ ਵਿਚਾਰ ਕੀਤਾ ਜਾ ਸਕਦਾ ਹੈ ।

**ਪਾਸ ਹੋਇਆ** ਕਿ ਸ੍ਰੀ ਵਿਕਰਮਜੀਤ, ਪ੍ਰੋਗਰਾਮਰ, ਰਿਜਨਲ ਕੈਂਪਸ, ਗੁਰਦਾਸਪੁਰ ਨੂੰ ਉਸ ਵੱਲੋਂ ਘਰੇਲੂ ਹਾਲਾਤਾਂ ਕਾਰਣ ਯੂਨੀਵਰਸਿਟੀ ਸੇਵਾ ਤੋਂ ਮਿਤੀ 12.10.2009 (ਬਾਅਦ ਦੁਪਹਿਰ) ਤੋਂ ਦਿਤਾ ਅਸਤੀਫਾ ਵਾਪਸ ਲੈਣ ਦੀ ਪਰਵਾਨਗੀ ਦਿਤੀ ਜਾਂਦੀ ਹੈ ।

ਇਹ ਵੀ **ਪਾਸ ਹੋਇਆ** ਕਿ ਸਬੰਧਤ ਨਿਯਮਾਂ ਦੀ ਰੋਸ਼ਨੀ ਵਿਚ ਸ੍ਰੀ ਵਿਕਰਮਜੀਤ, ਪ੍ਰੋਗਰਾਮਰ ਦੀ ਸਰਵਿਸ ਗਿਣਨ ਸਬੰਧੀ ਨਿਰਣਾ ਲੈਣ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿਤੇ ਜਾਂਦੇ ਹਨ ।

**ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਸਬੰਧਤ ਅਧਿਆਪਕ ਨੂੰ ਵਿਤੀ ਸਹਾਇਤਾ ਦੇਣ ਦੀ ਪਰਵਾਨਗੀ ।**

20. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਸਤਵਿੰਦਰਜੀਤ ਕੌਰ, ਰੀਡਰ, ਬੋਟੈਨੀਕਲ ਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਨੂੰ ਲੀਡਜ਼ ਯੂਨੀਵਰਸਿਟੀ, ਇੰਗਲੈਂਡ ਵਿਖੇ ਮਿਤੀ 7-11 ਦਸੰਬਰ, 2009 ਨੂੰ ਹੋ ਰਹੀ "International Conference on Polyphenols & Health" ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/- ਰੁਪਏ ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ 16 merged schemes ਅਧੀਨ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿਤੀ ਸਹਾਇਤਾ ਪਰਦਾਨ ਕੀਤੀ ਜਾਂਦੀ ਹੈ ।

**ਡਾ. ਦਲਜੀਤ ਸਿੰਘ, ਪ੍ਰੋਫੈਸਰ, ਸਕੂਲ ਆਫ ਲੀਗਲ ਸਟੱਡੀਜ਼, ਰਿਜਨਲ ਕੈਂਪਸ, ਜਲੰਧਰ ਨੂੰ ਤਿੰਨ ਸਾਲ ਲਈ ਅਸਾਧਾਰਨ ਬਿਨਾਂ ਤਨਖਾਹ ਛੁੱਟੀ ਦੀ ਪੁਸ਼ਟੀ।**

21. ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕਰਨ 'ਤੇ ਵਿਚਾਰ ਹੋਈ ਜਿਸ ਰਾਹੀਂ ਉਨ੍ਹਾਂ ਨੇ ਡਾ. ਦਲਜੀਤ ਸਿੰਘ, ਪ੍ਰੋਫੈਸਰ, ਸਕੂਲ ਆਫ ਲੀਗਲ ਸਟੱਡੀਜ਼, ਰਿਜਨਲ ਕੈਂਪਸ, ਜਲੰਧਰ ਦੇ ਖਾਲਸਾ ਕਾਲਜ, ਅੰਮ੍ਰਿਤਸਰ ਵਿਖੇ ਪ੍ਰਿੰਸੀਪਲ ਵਜੋਂ ਡੈਪੂਟੇਸ਼ਨ ਸਮਾਂ ਖਤਮ ਹੋਣ ਉਪਰੰਤ, ਦੁਬਾਰਾ ਜਾਇਨ ਕਰਨ ਤੋਂ ਬਗੈਰ ਵਾਪਸੀ ਮਿਤੀ 8.5.2009 (ਬਾਅਦ ਦੁਪਹਿਰ) ਪਰਵਾਨ ਕਰਦੇ ਹੋਏ, ਉਨ੍ਹਾਂ ਨੂੰ ਮਿਤੀ 9.5.2009 ਤੋਂ 8.5.2012 ਤੱਕ ਤਿੰਨ ਸਾਲ ਲਈ ਅਸਾਧਾਰਨ ਬਿਨ੍ਹਾਂ ਤਨਖਾਹ ਛੁੱਟੀ ਦੀ ਪਰਵਾਨਗੀ ਦਿੱਤੀ ਹੈ ।

ਹੇਠ ਲਿਖੇ ਨੋਟ 'ਤੇ ਵਿਚਾਰ ਹੋਈ:-

**ਨੋਟ:** 1. ਨਿਯਮਾਂ ਅਨੁਸਾਰ ਕਿਸੇ ਵੀ ਅਧਿਆਪਕ/ਕਰਮਚਾਰੀ ਦਾ ਆਪਣੀ ਕੁਲ ਸਰਵਿਸ ਦੌਰਾਨ ਡੈਪੂਟੇਸ਼ਨ ਦਾ ਸਮਾਂ ਪੰਜ ਸਾਲ ਤੋਂ ਵੱਧ ਨਹੀਂ ਹੋਣਾ ਚਾਹੀਦਾ । ਡਾ. ਦਲਜੀਤ ਸਿੰਘ ਦਾ ਖਾਲਸਾ ਕਾਲਜ ਦੇ ਬਤੌਰ ਪ੍ਰਿੰਸੀਪਲ ਡੈਪੂਟੇਸ਼ਨ ਦਾ ਸਮਾਂ ਮਿਤੀ 9.5.2005 ਤੋਂ 8.5.2009 ਤੱਕ ਚਾਰ ਸਾਲ ਬਣਦਾ ਹੈ । ਇਸ ਤੋਂ ਪਹਿਲਾਂ ਵੀ ਉਹ ਮਿਤੀ 22.6.1999 ਤੋਂ 21.6.2000 ਤੱਕ ਇਕ ਸਾਲ ਵਾਸਤੇ ਡੈਪੂਟੇਸ਼ਨ 'ਤੇ ਡਾਇਰੈਕਟਰ, ਆਰਮੀ ਇੰਸਟੀਚਿਊਟ ਆਫ ਲਾਅ ਰਹਿ ਚੁੱਕੇ ਹਨ । ਇਸ ਤਰ੍ਹਾਂ ਉਨ੍ਹਾਂ ਦਾ ਆਪਣੀ ਸਰਵਿਸ ਦੌਰਾਨ ਡੈਪੂਟੇਸ਼ਨ ਦਾ ਸਮਾਂ ਪੰਜ ਸਾਲ ਪੂਰਾ ਹੋ ਚੁੱਕਾ ਹੈ ।

**ਨੋਟ:** 2. ਸਿੰਡੀਕੇਟ ਨੇ ਆਪਣੀ ਇਕੱਤਰਤਾ ਮਿਤੀ 4.6.2009 ਦੇ ਪੈਰਾ 83 ਰਾਹੀਂ ਹੇਠ ਲਿਖੇ ਅਨੁਸਾਰ ਨਿਰਣਾ ਲਿਆ ਸੀ:-

"**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਜੀ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਦਲਜੀਤ ਸਿੰਘ, ਪ੍ਰੋਫੈਸਰ ਲਾਅ, ਸਕੂਲ ਆਫ ਲੀਗਲ ਸਟੱਡੀਜ਼, ਰਿਜਨਲ ਕੈਂਪਸ, ਜਲੰਧਰ (ਜੋ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਪ੍ਰਿੰਸੀਪਲ ਵਜੋਂ ਡੈਪੂਟੇਸ਼ਨ 'ਤੇ ਹਨ) ਦੇ ਡੈਪੂਟੇਸ਼ਨ ਸਮਾਂ ਖਤਮ ਹੋਣ ਉਪਰੰਤ ਦੁਬਾਰਾ ਜਾਇਨ ਕਰਨ ਤੋਂ ਬਗੈਰ ਵਾਪਸੀ ਮਿਤੀ 8.5.2009 (ਬਾਅਦ ਦੁਪਹਿਰ) ਪਰਵਾਨ ਕਰਦੇ ਹੋਏ ਉਨ੍ਹਾਂ ਨੂੰ ਮਿਤੀ 9.5.2009 ਤੋਂ ਸਿੰਡੀਕੇਟ ਵੱਲੋਂ ਨਿਰਣਾ ਹੋਣ ਤੱਕ ਅਸਾਧਾਰਨ ਬਿਨ੍ਹਾਂ ਤਨਖਾਹ ਛੁੱਟੀ ਦੀ ਪਰਵਾਨਗੀ ਦਿੱਤੀ ਹੈ ।

ਇਹ ਵੀ ਨੋਟ ਕੀਤਾ ਕਿ ਉਕਤ ਸਬੰਧੀ ਜਾਰੀ ਆਦੇਸ਼ਾਂ 'ਤੇ ਕਾਰਵਾਈ ਨਾ ਕਰਨ ਵਾਸਤੇ ਡਾ. ਦਲਜੀਤ ਸਿੰਘ ਵੱਲੋਂ ਬਿਨੈ-ਪੱਤਰ ਪ੍ਰਾਪਤ ਹੋਇਆ ਹੈ ਅਤੇ ਖਾਲਸਾ ਕਾਲਜ ਦੀ ਮੈਨੇਜਮੈਂਟ ਵੱਲੋਂ ਸਿਵਲ ਜੱਜ (ਸੀਨੀਅਰ ਡਿਵੀਜ਼ਨ), ਅੰਮ੍ਰਿਤਸਰ ਦੀ ਅਦਾਲਤ ਵਿਚ ਡਾ. ਦਲਜੀਤ ਸਿੰਘ ਨੂੰ ਡੈਪੂਟੇਸ਼ਨ ਤੋਂ ਨਾ ਬੁਲਾਣ ਸਬੰਧੀ ਸਟੇਅ ਪ੍ਰਾਪਤ ਕਰਨ ਵਾਸਤੇ ਅਰਜ਼ੀ ਦਿਤੀ ਹੈ ਜਿਸ ਤੇ ਮਾਨਯੋਗ ਸਿਵਲ ਜੱਜ ਵੱਲੋਂ ਮਿਤੀ 14.5.2009 ਤੱਕ ਡਾ. ਦਲਜੀਤ ਸਿੰਘ ਨੂੰ ਡੈਪੂਟੇਸ਼ਨ ਤੋਂ ਵਾਪਸ ਬੁਲਾਣ ਵਾਸਤੇ ਯੂਨੀਵਰਸਿਟੀ ਨੂੰ ਰੋਕਿਆ ਗਿਆ ਸੀ । ਮਿਤੀ 14.5.2009 ਨੂੰ ਕੇਸ ਦੀ ਸੁਣਵਾਈ ਨਾ ਹੋਣ ਕਰਕੇ ਇਸ ਕੇਸ ਦੀ ਸੁਣਵਾਈ ਅੱਗੇ ਪਾ ਦਿੱਤੀ ਗਈ ਹੈ ਅਤੇ ਹੁਣ ਇਸ ਕੇਸ ਦੀ ਸੁਣਵਾਈ ਮਿਤੀ 5.6.2009 ਨੂੰ ਹੈ ।"

**ਨੋਟ:** 3. ਡਾ. ਦਲਜੀਤ ਸਿੰਘ ਵੱਲੋਂ ਆਪਣੇ ਪੱਤਰ ਨੰ: 170/KCA ਮਿਤੀ 23.10.2009 (**ਅੰਤਿਕਾ**) ਰਾਹੀਂ ਹੁਣ ਬੇਨਤੀ ਕੀਤੀ ਹੈ ਕਿ ਜੇਕਰ ਉਸ ਦਾ ਡੈਪੂਟੇਸ਼ਨ ਸਮਾਂ ਨਹੀਂ ਵਧਾਇਆ ਜਾ ਸਕਦਾ ਤਾਂ ਉਸ ਨੂੰ ਚਾਰ ਸਾਲ ਦੀ ਬਿਨਾਂ ਤਨਖਾਹ ਛੁੱਟੀ ਪਰਦਾਨ ਕਰ ਦਿਤੀ ਜਾਵੇ ।

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਦਲਜੀਤ ਸਿੰਘ, ਪ੍ਰੋਫੈਸਰ, ਸਕੂਲ ਆਫ ਲੀਗਲ ਸਟੱਡੀਜ਼, ਰਿਜਨਲ ਕੈਂਪਸ, ਜਲੰਧਰ ਦੇ ਖਾਲਸਾ ਕਾਲਜ, ਅੰਮ੍ਰਿਤਸਰ ਵਿਖੇ ਪ੍ਰਿੰਸੀਪਲ ਵਜੋਂ ਡੈਪੂਟੇਸ਼ਨ ਸਮਾਂ ਖਤਮ ਹੋਣ ਉਪਰੰਤ, ਦੁਬਾਰਾ ਜਾਇਨ ਕਰਨ ਤੋਂ ਬਗੈਰ ਵਾਪਸੀ ਮਿਤੀ 8.5.2009 (ਬਾਅਦ ਦੁਪਹਿਰ) ਪਰਵਾਨ ਕਰਦੇ ਹੋਏ, ਉਨ੍ਹਾਂ ਨੂੰ ਮਿਤੀ 9.5.2009 ਤੋਂ 8.5.2012 ਤੱਕ ਤਿੰਨ ਸਾਲ ਲਈ ਅਸਾਧਾਰਨ ਬਿਨ੍ਹਾਂ ਤਨਖਾਹ ਛੁੱਟੀ ਦੀ ਪਰਵਾਨਗੀ ਦਿੱਤੀ ਹੈ ।

**ਸ੍ਰੀ ਚੰਦਾ ਸਿੰਘ, ਆਫੀਸਰ ਆਨ ਸਪੈਸ਼ਲ ਡਿਊਟੀ ਦੀ ਕੰਟ੍ਰੈਕਟ ਨਿਯੁਕਤੀ ਵਿਚ ਵਾਧਾ ।**

22. ਵਾਈਸ-ਚਾਂਸਲਰ ਸਾਹਿਬ ਦੀ ਸਿਫ਼ਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ੍ਰੀ ਚੰਦਾ ਸਿੰਘ, ਆਫੀਸਰ ਆਨ ਸਪੈਸ਼ਲ ਡਿਊਟੀ, ਸ਼ਹੀਦ ਰਾਮ ਸਿੰਘ ਪਠਾਨੀਆ ਮੈਮੋਰੀਅਲ ਕਾਲਜ, ਨਿਆੜੀ ਦੀ ਕੰਟ੍ਰੈਕਟ ਨਿਯੁਕਤੀ ਵਿਚ ਮਿਤੀ 1.1.2010 ਤੋਂ 30.6.2010 ਤੱਕ ਛੇ ਮਹੀਨੇ ਲਈ ਜਾਂ ਪ੍ਰਿੰਸੀਪਲ ਦੀ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਤੇ ਵਾਧਾ ਕੀਤਾ ਜਾਂਦਾ ਹੈ ।

ਇਹ ਵੀ **ਪਾਸ ਹੋਇਆ** ਕਿ ਉਕਤ ਕਾਲਜ ਵਿਖੇ ਪ੍ਰਿੰਸੀਪਲ ਦੀ ਅਸਾਮੀ ਭਰਨ ਲਈ ਲੋੜੀਂਦੀ ਕਾਰਵਾਈ ਕੀਤੀ ਜਾਵੇ ।

**ਸਬੰਧਤ ਕੋਚਾਂ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ ।**

23. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਕੋਚਾਂ ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 13.11.2009 ਦੀ ਇਕ ਦਿਨ ਦੀ ਬਰੇਕ ਦੇ ਕੇ ਮਿਤੀ 14.11.2009 ਤੋਂ 89 ਦਿਨਾਂ ਲਈ (ਮਿਤੀ 10.2.2010 ਤੱਕ) ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਹੈ:-

1. ਸ੍ਰੀ ਬਲਦੇਵ ਸਿੰਘ, ਸਵੀਮਿੰਗ ਕੋਚ
2. ਸ੍ਰੀ ਗੁਰਪ੍ਰੀਤ ਸਿੰਘ, ਬਾਸਕਟਬਾਲ ਕੋਚ
3. ਸ੍ਰੀ ਜਗਦੀਪ ਸਿੰਘ, ਵਾਲੀਬਾਲ ਕੋਚ
4. ਸ੍ਰੀ ਲਖਵੀਰ, ਖੋ ਖੋ ਕਬੱਡੀ ਕੋਚ

**ਸ੍ਰੀ ਹਰਜੀਤ ਲਾਲ, ਸਾਬਕਾ ਫਿਜ਼ੀਓਥਰਾਪਿਸਟ ਸਪੋਰਟਸ ਮੈਡੀਸਨ ਤੇ ਫਿਜ਼ੀਓਥਰਾਪੀ ਵਿਭਾਗ ਦੀ ਕੰਟ੍ਰੈਕਟ ਨਿਯੁਕਤੀ ਵਿਚ ਵਾਧੇ ਦੀ ਪੁਸ਼ਟੀ ।**

24. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਹਰਜੀਤ ਲਾਲ, ਸਾਬਕਾ ਫਿਜ਼ੀਓਥਰਾਪਿਸਟ, ਸਪੋਰਟਸ ਮੈਡੀਸਨ ਤੇ ਫਿਜ਼ੀਓਥਰਾਪੀ ਵਿਭਾਗ ਨੂੰ ਮਿਤੀ 10.11.2009 ਤੋਂ 6.2.2010 ਤੱਕ 89 ਦਿਨਾਂ ਲਈ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਕੰਟ੍ਰੈਕਟ ਅਧਾਰ 'ਤੇ 8300/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ 'ਤੇ ਉਕਤ ਵਿਭਾਗ ਵਿਖੇ ਫਿਜ਼ੀਓਥਰਾਪਿਸਟ ਵਜੋਂ ਮੁੜ-ਨਿਯੁਕਤ ਕੀਤਾ ਹੈ ।

**ਸੇਂਟ ਸੋਲਜ਼ਿਅਰ ਕਾਲਜ, ਜਲੰਧਰ ਦੇ ਐਮ.ਐਡ. ਵਿਦਿਆਰਥੀਆਂ ਨੂੰ ਮਿਤੀ 25.11.2009 ਤੱਕ ਸਿਨਾਪਸਿਜ਼ ਜਮ੍ਹਾਂ ਕਰਵਾਉਣ ਦੀ ਪੁਸ਼ਟੀ ।**

25. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਨਿਰਣੇ ਅਨੁਸਾਰ ਸੇਂਟ ਸੋਲਜ਼ਿਅਰ ਕਾਲਜ, ਜਲੰਧਰ ਵਿਖੇ ਸੈਸ਼ਨ 2009-10 ਦੌਰਾਨ ਐਮ.ਐਡ. ਕਲਾਸ ਵਿਚ ਦਾਖਲ ਵਿਦਿਆਰਥੀਆਂ ਨੂੰ ਅਧਿਆਦੇਸ਼ਾਂ ਵਿਚ ਛੋਟ ਦੇ ਕੇ, ਮਿਤੀ 10.11.2009 ਦੀ ਬਜਾਏ ਮਿਤੀ 25.11.2009 ਤੱਕ ਐਮ.ਐਡ. ਸਿਨਾਪਸਿਜ਼ ਜਮ੍ਹਾਂ ਕਰਾਉਣ ਦੀ ਵਿਸ਼ੇਸ਼ ਆਗਿਆ ਦਿੱਤੀ ਹੈ, ਕਿਉਂਜੋ ਸਬੰਧਤ ਕਾਲਜ ਵਿਖੇ ਦਾਖਲੇ ਸਬੰਧੀ ਪ੍ਰਕ੍ਰਿਆ ਮਿਤੀ 23.10.2009 ਤੱਕ ਹੀ ਪੂਰੀ ਹੋਈ ਸੀ ।

**ਡਾ. ਆਰ.ਐਸ. ਸੰਧੂ, ਪ੍ਰੋਫੈਸਰ ਸੋਸ਼ਿਆਲੋਜੀ ਵਿਭਾਗ ਦੀ ਸੇਵਾ ਮੁਕਤ ਹੋਣ ਉਪਰੰਤ ਇਕ ਸਾਲ ਲਈ ਕੰਟ੍ਰੈਕਟ ਅਧਾਰ 'ਤੇ ਨਿਯੁਕਤੀ ।**

26. ਵਾਈਸ-ਚਾਂਸਲਰ ਸਾਹਿਬ ਦੀ ਸਿਫ਼ਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਆਰ.ਐਸ. ਸੰਧੂ, ਪ੍ਰੋਫੈਸਰ, ਸੋਸ਼ਿਆਲੋਜੀ ਵਿਭਾਗ ਨੂੰ ਮਿਤੀ 31.12.2009 ਨੂੰ ਸੇਵਾ-ਮੁਕਤ ਹੋਣ ਉਪਰੰਤ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 81-82 ਉਤੇ ਸਟੈਚਿਊਟ 94(ii)(b) ਅਤੇ ਸਿੰਡੀਕੇਟ ਦੀ ਇਕੱਤਰਤਾ ਮਿਤੀ 11.10.2004 ਦੇ ਪੈਰਾ 15 ਰਾਹੀਂ ਲਏ ਨਿਰਣੇ ਅਨੁਸਾਰ ਮਿਤੀ 1.1.2010 ਤੋਂ 31.12.2010 ਤੱਕ ਇਕ ਸਾਲ ਲਈ ਨਿਯਮਾਂ ਅਨੁਸਾਰ ਬਣਦੀ ਤਨਖਾਹ ਤੇ ਕੰਟ੍ਰੈਕਟ ਅਧਾਰ ਤੇ ਇਸ ਸ਼ਰਤ ਤੇ ਨਿਯੁਕਤ ਕੀਤਾ ਜਾਂਦਾ ਹੈ ਕਿ ਉਹ ਦੂਜੇ ਵਿਭਾਗਾਂ ਜਿਵੇਂ ਸਕੂਲ ਆਫ ਸੋਸ਼ਲ ਸਾਇੰਸਿਜ਼ ਆਦਿ ਵਿਚ ਪੂਰਾ ਟੀਚਿੰਗ ਲੋਡ ਲੈਣਗੇ ਅਤੇ ਉਪਰੰਤ ਸਥਿਤੀ ਨੂੰ ਰਿਵਿਊ ਕੀਤਾ ਜਾਵੇਗਾ । ਇਸ ਮੰਤਵ ਲਈ ਸਟੈਚਿਊਟ 94(b)(4) ਦੀ ਵਿਵਸਥਾ ਅਨੁਸਾਰ ਪ੍ਰੋਫੈਸਰ ਦੀ ਇਕ supernumerary ਅਸਾਮੀ ਉਤਪੰਨ ਕੀਤੀ ਜਾਂਦੀ ਹੈ ।

**ਸ. ਤੇਜ ਸਿੰਘ ਬੁਤਾਲੀਆ ਵੱਲੋਂ ਦਾਨ ਕੀਤੀ ਰਾਸ਼ੀ ਨਾਲ Har Narinder Jot Sarup Endowment Fund ਸਥਾਪਤ ਕਰਨ ਦੀ ਪਰਵਾਨਗੀ ।**

27. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ. ਤੇਜ ਸਿੰਘ ਬੁਤਾਲੀਆ ਵੱਲੋਂ 25 ਲੱਖ ਰੁਪਏ ਦੀ ਦਾਨ ਕੀਤੀ ਰਾਸ਼ੀ ਨਾਲ ਉਸ ਦੇ ਮਾਪਿਆਂ ਦੀ ਯਾਦ ਵਿਚ ਇਸ ਯੂਨੀਵਰਸਿਟੀ ਵਿਖੇ Har Narinder Jot Sarup Endowment Fund ਸਥਾਪਤ ਕੀਤਾ ਜਾਂਦਾ ਹੈ ਅਤੇ ਦਾਨੀ ਦੀ ਇਛਾ ਅਨੁਸਾਰ ਇਸ ਰਾਸ਼ੀ ਤੋਂ ਪ੍ਰਾਪਤ ਹੋਣ ਵਾਲੇ ਵਿਆਜ ਨਾਲ ਉਸ ਦੇ ਪੱਤਰ ਮਿਤੀ 17.11.2009 (**ਅੰਤਿਕਾ**) ਵਿਚ ਦਰਜ ਸ਼ਰਤਾਂ ਅਨੁਸਾਰ ਲੋੜ ਵੰਦ ਵਿਦਿਆਰਥੀਆਂ ਨੂੰ ਵਿਤੀ ਸਹਾਇਤਾ ਪ੍ਰਦਾਨ ਕੀਤੀ ਜਾਵੇ ।

ਇਹ ਵੀ **ਪਾਸ ਹੋਇਆ** ਕਿ ਸ. ਤੇਜ ਸਿੰਘ ਬੁਤਾਲੀਆ ਦਾ ਉਕਤ ਭੇਟਾ ਲਈ ਧੰਨਵਾਦ ਕੀਤਾ ਜਾਵੇ ਅਤੇ ਇਸ ਸਬੰਧੀ ਸਿੰਡੀਕੇਟ ਦੀ ਪ੍ਰਸੰਸ਼ਾ ਰਿਕਾਰਡ ਕੀਤੀ ਜਾਵੇ ।

**ਉਸਾਰੀ ਵਿਭਾਗ ਵਿਖੇ ਪਲੰਬਰ ਦੀ ਅਸਾਮੀ ਲਈ ਯੋਗਤਾਵਾਂ ਰਿਵਿਊ ਕਰਨ ਸਬੰਧੀ ਕਮੇਟੀ ਦੀਆਂ ਸਿਫ਼ਾਰਸ਼ਾਂ ਦੀ ਪਰਵਾਨਗੀ ।**

28. ਵਿਚਾਰ ਉਪਰੰਤ

**ਪਾਸ ਹੋਇਆ** ਕਿ ਉਸਾਰੀ ਵਿਭਾਗ ਵਿਖੇ ਪਲੰਬਰ ਦੀ ਅਸਾਮੀ ਲਈ ਯੋਗਤਾਵਾਂ ਰਿਵਿਊ ਕਰਨ ਹਿਤ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 19.11.2009 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ ਅਤੇ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ ।

**ਯੂਨੀਵਰਸਿਟੀ ਦੇ ਕੈਂਪਸ ਖਿਡਾਰੀਆਂ ਵਾਂਗ ਐਨ.ਆਰ.ਆਈ. ਜਾਂ ਸੈਲਫ ਫਾਈਨਾਂਸ ਕੋਰਸਾਂ ਦੇ ਖਿਡਾਰੀ ਵਿਦਿਆਰਥੀਆਂ ਨੂੰ ਇੰਸੈਟਿਵ ਦੇਣ ਦੀ ਪਰਵਾਨਗੀ ।**

29. ਸਪੋਰਟਸ ਕਮੇਟੀ ਦੀ ਮਿਤੀ 23.7.2009 ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇਕੱਤਰਤਾ ਮਿਤੀ 8.9.2006 ਦੇ ਨਿਰਣੇ ਦੇ ਅਧਾਰ ਤੇ ਵਧੀਆ ਕਾਰਗੁਜਾਰੀ ਵਾਲੇ ਕੈਂਪਸ ਖਿਡਾਰੀਆਂ ਨੂੰ ਦਿੱਤੇ ਜਾ ਰਹੇ ਇੰਸੈਟਿਵਜ਼ ਵਾਂਗ ਕੈਂਪਸ ਵਿਚ ਦਾਖਲ ਐਨ.ਆਰ.ਆਈ ਜਾਂ ਸੈਲਫ ਫਾਈਨਾਂਸ ਕੋਰਸਾਂ ਦੇ ਖਿਡਾਰੀਆਂ ਨੂੰ ਵੀ ਹੇਠ ਲਿਖੇ ਅਨੁਸਾਰ ਇੰਸੈਟਿਵ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ, ਜੋ ਵਿਭਾਗ ਵਿਖੇ ਜਨਰਲ ਕੈਟਾਗਰੀ ਵਾਲੇ ਵਿਦਿਆਰਥੀਆਂ ਦੀ ਸਧਾਰਣ ਫੀਸ ਅਤੇ ਫੰਡਾਂ 'ਤੇ ਅਧਾਰਤ ਹੋਣਗੇ ਅਤੇ ਯੂਨੀਵਰਸਿਟੀ ਵਿਚ ਦਾਖਲਾ ਲੈਣ ਉਪਰੰਤ ਹਾਸਲ ਕੀਤੀ ਸਪੋਰਟਸ ਪ੍ਰੋਫਾਰਮੈਂਸ ਅਤੇ ਯੂਨੀਵਰਸਿਟੀ ਕੈਂਪਸ ਦੀ ਟੀਮ ਵੱਲੋਂ ਖੇਡਣ ਤੇ ਹੀ ਦਿਤੇ ਜਾਣਗੇ:-

(ੳ) ਅੰਤਰ-ਕਾਲਜ ਮੁਕਾਬਲਿਆਂ ਵਿਚ ਤੀਜਾ ਦਰਜਾ ਹਾਸਲ NRI ਜਾਂ Self-Finance ਕੋਰਸਾਂ ਦੇ ਖਿਡਾਰੀਆਂ ਨੂੰ ਜਨਰਲ ਕੈਟਾਗਰੀ ਵਾਲੇ ਖਿਡਾਰੀਆਂ ਦੀ ਫੀਸ ਦੀ ਇਕ ਤਿਹਾਈ ਰਕਮ ਦੇ ਬਰਾਬਰ ਫੀਸ ਅਤੇ ਫੰਡਾਂ ਦੀ ਮੁਆਫੀ ।

(ਅ) ਅੰਤਰ-ਕਾਲਜ ਮੁਕਾਬਲਿਆਂ ਵਿਚ ਦੂਜਾ ਦਰਜਾ ਹਾਸਲ NRI ਜਾਂ Self-Finance ਕੋਰਸਾਂ ਦੇ ਖਿਡਾਰੀਆਂ ਨੂੰ ਜਨਰਲ ਕੈਟਾਗਰੀ ਵਾਲੇ ਖਿਡਾਰੀਆਂ ਦੀ ਫੀਸ ਦੀ ਅੱਧੀ ਰਕਮ ਦੇ ਬਰਾਬਰ ਫੀਸ ਅਤੇ ਫੰਡਾਂ ਦੀ ਮੁਆਫੀ ।

(ੲ) ਅੰਤਰ-ਕਾਲਜ ਮੁਕਾਬਲਿਆਂ ਵਿਚ ਪਹਿਲਾ ਦਰਜਾ ਅਤੇ ਅੰਤਰ-ਯੂਨੀਵਰਸਿਟੀ ਮੁਕਾਬਲੇ ਵਿਚ ਸ਼ਮੂਲੀਅਤ NRI ਜਾਂ Self-Finance ਕੋਰਸਾਂ ਦੇ ਖਿਡਾਰੀਆਂ ਨੂੰ ਜਨਰਲ ਕੈਟਾਗਰੀ ਵਾਲੇ ਖਿਡਾਰੀਆਂ ਦੀ ਪੂਰੀ ਫੀਸ ਦੀ ਰਕਮ ਦੇ ਬਰਾਬਰ ਫੀਸ ਅਤੇ ਫੰਡਾਂ ਦੀ ਮੁਆਫੀ ।

(ਸ) ਅੰਤਰ-ਯੂਨੀਵਰਸਿਟੀ ਮੁਕਾਬਲੇ ਵਿਚ ਦੂਜਾ ਅਤੇ ਤੀਜਾ ਸਥਾਨ ਹਾਸਲ ਅਤੇ ਨੈਸ਼ਨਲ ਮੁਕਾਬਲੇ ਵਿਚ ਦੂਜਾ ਅਤੇ ਤੀਜਾ ਸਥਾਨ ਹਾਸਲ NRI ਜਾਂ Self-Finance ਕੋਰਸਾਂ ਦੇ ਖਿਡਾਰੀਆਂ ਨੂੰ ਜਨਰਲ ਕੈਟਾਗਰੀ ਵਾਲੇ ਖਿਡਾਰੀਆਂ ਦੀ ਪੂਰੀ ਫੀਸ ਦੀ ਰਕਮ ਦੇ ਬਰਾਬਰ ਫੀਸ ਅਤੇ ਫੰਡਾਂ ਦੀ ਮੁਆਫੀ ਅਤੇ ਟਰੈਕ ਸੂਟ ।

(ਹ) ਅੰਤਰ-ਯੂਨੀਵਰਸਿਟੀ ਮੁਕਾਬਲੇ ਵਿਚ ਪਹਿਲਾ ਸਥਾਨ ਅਤੇ ਨੈਸ਼ਨਲ ਮੁਕਾਬਲੇ ਵਿਚ ਪਹਿਲਾ ਸਥਾਨ ਹਾਸਲ ਕਰਨ ਵਾਲੇ NRI ਜਾਂ Self-Finance ਕੋਰਸਾਂ ਦੇ ਖਿਡਾਰੀਆਂ ਨੂੰ ਜਨਰਲ ਕੈਟਾਗਰੀ ਵਾਲੇ ਖਿਡਾਰੀਆਂ ਦੀ ਪੂਰੀ ਫੀਸ ਦੀ ਰਕਮ ਦੇ ਬਰਾਬਰ ਫੀਸ ਅਤੇ ਫੰਡਾਂ ਦੀ ਮੁਆਫੀ, ਬਲੈਜ਼ਰ, ਕਲਾਥ ਸਮੇਤ ਯੂਨੀਵਰਸਿਟੀ ਕੈਂਪਸ ਕੱਲਰ ।

**ਸਬੰਧਤ ਉਮੀਦਵਾਰ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ।**

30. ਵਾਈਸ-ਚਾਂਸਲਰ ਸਾਹਿਬ ਦੀ ਸਿਫ਼ਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰ ਨੂੰ, ਉਸ ਅੱਗੇ ਦਰਸਾਏ ਥੀਸਸ ਦੇ ਸਿਰਲੇਖ, ਵਿਸ਼ਾ 'ਤੇ ਫੈਕਲਟੀ ਅਨੁਸਾਰ, ਡਾਕਟਰ ਆਫ ਫ਼ਿਲਾਸਫੀ ਦੀ ਡਿਗਰੀ ਪਰਦਾਨ ਕੀਤੀ ਜਾਂਦੀ ਹੈ:-

| **ਨਾਮ** | **ਥੀਸਸ ਦਾ ਸਿਰਲੇਖ** | **ਵਿਸ਼ਾ ਤੇ ਫੈਕਲਟੀ** |
|---|---|---|
| ਅੰਜਨਾ ਸ਼ਰਮਾ | Contribution of 'Post Medieval' Hindi Poets of Punjab in Alankar Vadi Tradition of Indian Poetics | ਹਿੰਦੀ- ਲੈਂਗੁਏਜਿਜ਼ ਫੈਕਲਟੀ । |

**ਵਾਈਸ-ਚਾਂਸਲਰ ਸਾਹਿਬ ਦਾ ਬਿਆਨ ।**

31. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਵਾਈਸ-ਚਾਂਸਲਰ ਸਾਹਿਬ ਨੇ ਦੱਸਿਆ ਕਿ -

1. ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਖੇਡਾਂ ਦੇ ਖੇਤਰ ਵਿਚ ਪਾਏ ਮਹੱਤਵਪੂਰਨ ਯੋਗਦਾਨ ਨੂੰ ਮੁੱਖ ਰੱਖਦਿਆਂ ਸਪੋਰਟਸ ਅਥਾਰਟੀ ਆਫ਼ ਇੰਡੀਆ ਨੇ ਐਸ.ਟੀ.ਸੀ. ਸਕੀਮ ਅਧੀਨ ਯੂਨੀਵਰਸਿਟੀ ਕੈਂਪਸ ਵਿਖੇ ਬਾਸਕਟਬਾਲ, ਵਾਲੀਬਾਲ, ਖੋ-ਖੋ, ਕਬੱਡੀ, ਵੇਟ ਲਿਫਟਿੰਗ ਅਤੇ ਅਥਲੈਟਿਕਸ ਦੇ ਪੰਜ ਖੇਡ ਸੈਂਟਰ ਸਥਾਪਿਤ ਕੀਤੇ ਹਨ ।

2. ਯੂਨੀਵਰਸਿਟੀ ਵਿਖੇ ਹੋਈ 35ਵੀਂ ਸਾਲਾਨਾ ਕਾਨਵੋਕੇਸ਼ਨ ਦੌਰਾਨ ਉਘੇ ਵਿਗਿਆਨੀ ਪ੍ਰੋਫੈਸਰ ਗੋਵਰਧਨ ਮਹਿਤਾ ਨੂੰ ਉਨ੍ਹਾਂ ਵੱਲੋਂ ਵਿਗਿਆਨ ਦੇ ਖੇਤਰ ਵਿਚ ਪਾਏ ਉਘੇ ਯੋਗਦਾਨ ਲਈ ਡਾਕਟਰ ਆਫ਼ ਸਾਇੰਸ (Honoris Causa) ਦੀ ਡਿਗਰੀ ਅਤੇ ਪ੍ਰੋਫੈਸਰ ਗੁਰਦਿਆਲ ਸਿੰਘ ਨੂੰ ਪੰਜਾਬੀ ਸਾਹਿਤ ਦੇ ਖੇਤਰ ਵਿਚ ਪਾਏ ਵਿਸ਼ੇਸ਼ ਯੋਗਦਾਨ ਸਦਕਾ ਡਾਕਟਰ ਆਫ਼ ਲਿਟਰੇਚਰ (Honoris Causa) ਦੀ ਡਿਗਰੀ ਨਾਲ ਸਨਮਾਨਿਤ ਕੀਤਾ ਗਿਆ । ਇਸ ਤੋਂ ਇਲਾਵਾ 650 ਤੋਂ ਵੱਧ ਵਿਦਿਆਰਥੀਆਂ ਨੂੰ ਅੰਡਰ ਗਰੈਜੂਏਟ/ਪੋਸਟ-ਗਰੈਜੂਏਟ ਡਿਗਰੀਆਂ ਅਤੇ ਮੈਡਲ ਪ੍ਰਦਾਨ ਕੀਤੇ ਗਏ । ਯੂਨੀਵਰਸਿਟੀ ਵੱਲੋਂ 36ਵੀਂ ਸਾਲਾਨਾ ਕਨਵੋਕੇਸ਼ਨ 27 ਫਰਵਰੀ, 2010 ਨੂੰ ਆਯੋਜਿਤ ਕੀਤੀ ਜਾਵੇਗੀ ।

3. ਇਸ ਯੂਨੀਵਰਸਿਟੀ ਵਿਖੇ 12-14 ਨਵੰਬਰ, 2009 ਨੂੰ ਐਸੋਸੀਏਸ਼ਨ ਆਫ਼ ਇੰਡੀਅਨ ਯੂਨੀਵਰਸਿਟੀਜ਼ ਦੀ 84ਵੀਂ ਸਾਲਾਨਾ ਮੀਟਿੰਗ ਆਯੋਜਿਤ ਕੀਤੀ ਗਈ ਜਿਸ ਵਿਚ ਦੇਸ਼ ਭਰ ਤੋਂ 150 ਤੋਂ ਵੱਧ ਯੂਨੀਵਰਸਿਟੀਆਂ ਦੇ ਵਾਈਸ-ਚਾਂਸਲਰਾਂ ਨੇ ਹਿੱਸਾ ਲਿਆ ।

4. ਯੂਨੀਵਰਸਿਟੀ ਦੇ ਫੂਡ ਸਾਇੰਸ ਵਿਭਾਗ ਦੇ ਪ੍ਰੋਫੈਸਰ ਨਰਪਿੰਦਰ ਸਿੰਘ ਨੂੰ ਫੂਡ ਸਾਇੰਸ ਦੇ ਖੇਤਰ ਵਿਚ ਪਾਏ ਉਘੇ ਯੋਗਦਾਨ ਸਦਕਾ ਇੰਡੀਅਨ ਨੈਸ਼ਨਲ ਸਾਇੰਸ ਅਕਾਦਮੀ (INSA) ਵੱਲੋਂ ਫੈਲੋ ਚੁਣਿਆ ਗਿਆ ਹੈ । ਇਹ ਫੈਲੋਸ਼ਿਪ ਉਨ੍ਹਾਂ ਨੂੰ ਕੋਲਕਤਾ ਵਿਖੇ 7 ਤੋਂ 10 ਦਸੰਬਰ ਨੂੰ ਇੰਡੀਅਨ ਨੈਸ਼ਨਲ ਸਾਇੰਸ ਅਕਾਦਮੀ ਦੀ ਪਲਾਟੀਨਮ ਜੁਬਲੀ ਜਸ਼ਨਾਂ ਦੀ ਮੀਟਿੰਗ ਵਿਚ ਪ੍ਰਦਾਨ ਕੀਤੀ ਜਾਵੇਗੀ ।

**ਸਿੰਡੀਕੇਟ ਵੱਲੋਂ ਇਸ ਦੀ ਪ੍ਰਸ਼ੰਸਾਂ ਕੀਤੀ ਗਈ।**

5. ਐਸੋਸੀਏਸ਼ਨ ਆਫ਼ ਇੰਡੀਅਨ ਯੂਨੀਵਰਸਿਟੀਜ਼ ਦੁਆਰਾ ਕੁਰੂਕਸ਼ੇਤਰਾ ਯੂਨੀਵਰਸਿਟੀ, ਕਰੂਕਸ਼ੇਤਰ ਵਿਖੇ ਮਿਤੀ 16-20 ਨਵੰਬਰ, 2009 ਨੂੰ ਆਯੋਜਿਤ ਕੀਤੇ ਗਏ ਨਾਰਥ-ਜ਼ੋਨ ਅੰਤਰ ਯੂਨੀਵਰਸਿਟੀ ਯੂਥ ਫੈਸਟੀਵਲ ਵਿਖੇ ਇਸ ਯੂਨੀਵਰਸਿਟੀ ਨੇ ਸੰਗੀਤ, ਥੀਏਟਰ, ਫਾਈਨ ਆਰਟਸ ਮੁਕਾਬਲਿਆਂ ਵਿਚ ਟਰਾਫ਼ੀਆਂ ਜਿੱਤਣ ਦੇ ਨਾਲ-ਨਾਲ ਓਵਰਆਲ ਚੈਂਪੀਅਨ ਟਰਾਫ਼ੀ ਵੀ ਜਿੱਤੀ ਹੈ ।

6. ਹਰ ਸਾਲ ਦੀ ਤਰ੍ਹਾਂ ਇਸ ਵਰ੍ਹੇ ਵੀ 24 ਨਵੰਬਰ ਨੂੰ ਯੂਨੀਵਰਸਿਟੀ ਦਾ 40ਵਾਂ ਸਥਾਪਨਾ ਦਿਵਸ ਮਨਾਇਆ ਗਿਆ । ਇਸ ਸਮਾਹੋਰ ਦੌਰਾਨ ਪ੍ਰੋਫੈਸਰ ਜੇ.ਐਸ. ਬਜਾਜ, ਵਾਈਸ ਚੇਅਰਮੈਨ, ਪੰਜਾਬ ਰਾਜ ਯੋਜਨਾ ਬੋਰਡ, ਚੰਡੀਗੜ੍ਹ; ਪ੍ਰੋਫੈਸਰ ਜੀ.ਕੇ ਚੱਢਾ, ਮੁੱਖ ਕਾਰਜਕਾਰੀ ਅਫ਼ਸਰ, ਸਾਊਥ ਏਸ਼ੀਅਨ ਯੂਨੀਵਰਸਿਟੀ, ਨਵੀਂ ਦਿੱਲੀ ਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਸਾਬਕਾ ਵਾਈਸ-ਚਾਂਸਲਰ ਅਤੇ ਪ੍ਰੋਫੈਸਰ ਗੁਰਦਿਆਲ ਸਿੰਘ, ਪ੍ਰਸਿੱਧ ਲੇਖਕ ਤੇ ਗਿਆਨਪੀਠ ਅਵਾਰਡੀ ਵੱਲੋਂ ਵਿਦਿਅਕ ਭਾਸ਼ਣ ਦਿੱਤੇ ਗਏ । ਇਸ ਤੋਂ ਇਲਾਵਾ ਯੂਨੀਵਰਸਿਟੀ ਦੇ ਗੁਰੂ ਨਾਨਕ ਅਧਿਐਨ ਵਿਭਾਗ ਵੱਲੋਂ ਯੂਨੀਵਰਸਿਟੀ ਦੇ ਸਥਾਪਨਾ ਦਿਵਸ ਨੂੰ ਸਮਰਪਿਤ ਇਕ ਦੋ-ਰੋਜ਼ਾ ਸੈਮੀਨਾਰ ਮਿਤੀ 22-23 ਨਵੰਬਰ, 2009 ਨੂੰ ਗੁਰੂ ਨਾਨਕ ਦੇਵ ਜੀ ਅਤੇ ਗੁਰਦੁਆਰਾ ਸੰਸਥਾ ਦਾ ਆਰੰਭ ਵਿਸ਼ੇ 'ਤੇ ਆਯੋਜਿਤ ਕੀਤਾ ਗਿਆ ।

7. ਯੂਨੀਵਰਸਿਟੀ ਦੇ ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ 25 ਸਤੰਬਰ, 2009 ਤੋਂ ਹੁਣ ਤੱਕ ਬੈਚ 2010 ਦੇ 9 ਵਿਦਿਆਰਥੀ ਵੱਖ-ਵੱਖ ਕੰਪਨੀਆਂ ਵੱਲੋਂ ਨੌਕਰੀ ਲਈ ਚੁਣੇ ਗਏ ਹਨ । ਇਸ ਤੋਂ ਇਲਾਵਾ ਐਚ.ਡੀ.ਐਫ.ਸੀ. ਬੈਂਕ ਵੱਲੋਂ ਜਾਇੰਟ ਸਰਟੀਫਿਕੇਸ਼ਨ ਪ੍ਰੋਗਰਾਮ ਅਧੀਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਨਾਲ ਇਕ ਸਮਝੋਤਾ (MoU) ਕੀਤਾ ਗਿਆ ਹੈ ਜਿਸ ਅਧੀਨ ਮੈਨੇਜਮੈਂਟ ਕੋਰਸਾਂ ਨਾਲ ਸੰਬੰਧਿਤ ਵਿਦਿਆਰਥੀਆਂ ਨੂੰ ਬੈਂਕ ਵੱਲੋਂ ਯੂਨਵਿਰਸਿਟੀ ਕੈਂਪਸ ਵਿਖੇ ਹੀ ਯੂਨਵਿਰਸਿਟੀ ਫੈਕਲਟੀ ਅਤੇ ਬੈਂਕ ਅਧਿਕਾਰੀਆਂ ਦੀ ਸਹਾਇਤਾ ਨਾਲ 45 ਦਿਨਾਂ ਦੀ ਸਪੈਸ਼ਲ ਟਰੇਨਿੰਗ ਮੁਹੱਇਆ ਕੀਤੀ ਜਾਵੇਗੀ । ਇਹ ਟਰੇਨਿੰਗ ਬੈਂਕਿੰਗ ਅਤੇ ਫਾਈਨਾਂਸ ਖੇਤਰ ਵਿਚ ਰੋਜ਼ਗਾਰ ਪ੍ਰਾਪਤੀ ਹਿੱਤ ਬਹੁਤ ਉਪਯੋਗੀ ਸਿੱਧ ਹੋਵੇਗੀ ।

8. ਯੂਨੀਵਰਸਿਟੀ ਵੱਲੋਂ 3 ਤੋਂ 6 ਦਸੰਬਰ, 2009 ਤੱਕ 12ਵੀਂ ਏਸ਼ੀਅਨ ਫੈਡਰੇਸ਼ਨ ਆਫ਼ ਸਪੋਰਟਸ ਮੈਡੀਸਨ ਕਾਂਗਰਸ ਆਯੋਜਿਤ ਕੀਤੀ ਜਾ ਰਹੀ ਹੈ, ਜਿਸ ਵਿਚ ਏਸ਼ੀਆਈ ਮੁਲਕਾਂ ਤੋਂ ਇਲਾਵਾ ਆਸਟਰੀਆ, ਬਰਾਜ਼ੀਲ, ਬੈਲਜ਼ੀਅਮ, ਨਾਈਜੀਰੀਆ, ਨਿਊਜ਼ੀਲੈਂਡ, ਪੋਲੈਂਡ, ਸਾਊਥ ਅਫ਼ਰੀਕਾ, ਸਵੀਡਨ, ਬਰਤਾਨੀਆ ਅਤੇ ਅਮਰੀਕਾ ਤੋਂ ਡੈਲੀਗੇਟ ਭਾਗ ਲੈਣਗੇ ।

9. ਯੂਨੀਵਰਸਿਟੀ ਦੇ ਫਿਜ਼ਿਕਸ ਵਿਭਾਗ ਵੱਲੋਂ Nuclear Track Society of India ਦੇ ਸਹਿਯੋਗ ਨਾਲ Solid State Nuclear Track Detectors and Their Applications ਵਿਸ਼ੇ 'ਤੇ ਤਿੰਨ-ਦਿਨਾ ਸਿੰਪੋਜ਼ੀਅਮ ਮਿਤੀ 9-11 ਨਵੰਬਰ, 2009 ਨੂੰ ਆਯੋਜਿਤ ਕੀਤਾ ਗਿਆ ।

10. ਯੂਨੀਵਰਸਿਟੀ ਦੇ ਬੋਟਾਨੀਕਲ ਅਤੇ ਇਨਵਾਇਨਮੈਂਟਲ ਸਾਇੰਸਜ਼ ਵਿਭਾਗ ਵੱਲੋਂ ਯੂ.ਜੀ.ਸੀ. ਦੇ ਵਿਸ਼ੇਸ਼ ਸਹਾਇਤਾ ਪ੍ਰੋਗਰਾਮ ਅਧੀਨ ਵਾਤਾਵਰਣ ਅਤੇ ਨਿਰੰਤਰ ਵਿਕਾਸ ਵਿਸ਼ੇ 'ਤੇ ਦੋ-ਰੋਜ਼ਾ ਸੈਮੀਨਾਰ ਮਿਤੀ 3-4 ਨਵੰਬਰ, 2009 ਨੂੰ ਆਯੋਜਿਤ ਕੀਤਾ ਗਿਆ । ਇਸ ਤੋਂ ਇਲਾਵਾ ਇਸ ਵਿਭਾਗ ਵੱਲੋਂ ਭਾਰਤ ਵਿਚ ਕਣਕ ਉਪਰ ਵਾਤਾਵਰਣ ਪਰਿਵਰਤਨ ਦੇ ਪ੍ਰਭਾਵ ਦਾ ਮੁਲਾਂਕਣ ਵਿਸ਼ੇ 'ਤੇ ਸਰਦਾਰ ਜਸਵੰਤ ਸਿੰਘ ਰਾਏ ਯਾਦਗਾਰੀ ਭਾਸ਼ਨ 4 ਨਵੰਬਰ, 2009 ਨੂੰ ਆਯੋਜਿਤ ਕੀਤਾ ਗਿਆ ।

11. ਯੂਨੀਵਰਸਿਟੀ ਦੇ ਫਿਜ਼ੀਕਲ ਐਜੂਕੇਸ਼ਨ (ਅਲਾਈਡ ਟੀਚਿੰਗ) ਵਿਭਾਗ ਵੱਲੋਂ ਸਪੋਰਟਸ ਅਥਾਰਟੀ ਆਫ਼ ਇੰਡੀਆ ਦੀ ਸਰਪ੍ਰਸਤੀ ਹੇਠ ਇੰਟਰ-ਜ਼ੋਨਲ ਹੈਂਡਬਾਲ (ਪੁਰਸ਼-ਇਸਤਰੀਆਂ) ਚੈਂਪੀਅਨਸ਼ਿਪ ਯੂਨੀਵਰਸਿਟੀ ਵਿਖੇ ਮਿਤੀ 6-9 ਨਵੰਬਰ, 2009 ਨੂੰ ਆਯੋਜਿਤ ਕੀਤੀ ਗਈ । ਇਸ ਤੋਂ ਇਲਾਵਾ ਨਾਰਥ-ਈਸਟ ਜ਼ੋਨ ਹਾਕੀ (ਲੜਕੀਆਂ) ਚੈਂਪੀਅਨਸ਼ਿਪ ਮਿਤੀ 30 ਨਵੰਬਰ ਤੋਂ 5 ਦਸੰਬਰ, 2009 ਤੱਕ ਆਯੋਜਿਤ ਕੀਤੀ ਗਈ ।

ਸਮੂੰਹ ਮੈਂਬਰ ਸਾਹਿਬਾਨ ਨੇ ਯੂਨਵਿਰਸਿਟੀ ਵਿਖੇ ਹੋਈਆਂ ਉਕਤ ਗਤੀਵਿਧੀਆਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ।

**ਸਿੰਡੀਕੇਟ ਦੀ ਅਗਲੀ ਇਕੱਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਗਏ ।**

32. ਸਿੰਡੀਕੇਟ ਦੀ ਅਗਲੀ ਇਕੱਤਰਤਾ ਦੀ ਮਿਤੀ ਨਿਸ਼ਚਿਤ ਕਰਨ 'ਤੇ ਵਿਚਾਰ ਹੋਈ ।

**ਪਾਸ ਹੋਇਆ** ਕਿ ਸਿੰਡੀਕੇਟ ਦੀ ਅਗਲੀ ਇਕੱਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ ।

**ਸਬੰਧਤ ਉਮੀਦਵਾਰਾਂ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪੁਸ਼ਟੀ ।**

33. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਉਮੀਦਵਾਰਾਂ ਨੂੰ, ਹਰੇਕ ਅੱਗੇ ਦਰਸਾਏ ਥੀਸਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਸਾਫੀ ਦੀ ਡਿਗਰੀ ਪਰਦਾਨ ਕੀਤੀ ਹੈ:-

| ਕ੍ਰਮ ਨੰ: | ਨਾਮ | ਥੀਸਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਵਿਸ਼ਵ ਬੰਧੂ | Arya Samaj And Education: A Case Study of DAV Institutions From 1947 to 2005. | ਹਿਸਟਰੀ- ਆਰਟਸ ਤੇ ਸੋਸ਼ਲ ਸਾਇੰਸਜ਼ ਫ਼ੈਕਲਟੀ |
| 2. | ਪਰਮਿੰਦਰ ਸਿੰਘ | Historical Analysis of Gurbilas Patshahi 10 by Koer Singh. | ਹਿਸਟਰੀ- ਆਰਟਸ ਤੇ ਸੋਸ਼ਲ ਸਾਇੰਸਜ਼ ਫ਼ੈਕਲਟੀ |
| 3. | ਦਵਿੰਦਰ ਸਿੰਘ | Effect of gamma-irradiation on Optical and Physical Properties of Borosilicate and Borate Oxide Glasses. | ਫਿਜ਼ਿਕਸ- ਸਾਇੰਸਜ਼ ਫ਼ੈਕਲਟੀ |
| 4. | ਮੋਨਿਕਾ ਵਰਮਾ | Anticancer Potential of Polyalthia longifolia and Tannacteum gracile. | ਬਾਇਓ-ਟੈਕਨਾਲੋਜੀ- ਲਾਈਫ ਸਾਇੰਸਜ਼ ਫ਼ੈਕਲਟੀ |
| 5. | ਸੁਰਿੰਦਰ ਸ਼ਰਮਾ | Management Education: A Study | ਕਮਰਸ- |

| | | |
|---|---|---|
| | of Business Schools in Punjab. | ਇਕਨਾਮਿਕਸ ਤੇ ਬਿਜ਼ਨੈਸ ਫ਼ੈਕਲਟੀ |
| 6. ਬਲਵਿੰਦਰ ਕੌਰ | A Study of Anthropometric Characteristics and Motor Abilities of Sports and Non-Sports Girls. | ਫਿਜ਼ੀਕਲ ਐਜੂਕੇਸ਼ਨ- ਫਿਜ਼ੀਕਲ ਐਜੂਕੇਸ਼ਨ ਫ਼ੈਕਲਟੀ |
| 7. ਸ਼ਰੂਤੀ ਮਾਲਾ | Punjab Mein Viksit Khayal Gayki Ke Gharanon Ka Adhayayan Aur Unki Uttar Bhartiya Sangeet Ko Dein. | ਮਿਊਜ਼ਿਕ- ਵਿਜ਼ੂਅਲ ਆਰਟਸ ਤੇ ਪਰਫੋਰਮਿੰਗ ਆਰਟਸ ਫ਼ੈਕਲਟੀ |
| 8. ਰੰਜਨਾ | An Analytical Study of Relationship of Thumri And Kathak Nritya in the Context of Nayak, Nayika Bhedas. | ਡਾਂਸ- ਵਿਜ਼ੂਅਲ ਆਰਟਸ ਤੇ ਪਰਫੋਰਮਿੰਗ ਆਰਟਸ ਫ਼ੈਕਲਟੀ |
| 9. ਤੀਰਥ ਸਿੰਘ | Effect of Meditation on Intelligence, Self-Confidence and Anxiety of Student Teachers. | ਐਜੂਕੇਸ਼ਨ- ਐਜੂਕੇਸ਼ਨ ਫ਼ੈਕਲਟੀ |
| 10. ਅਬਦੁਲ ਫਾਰੂਕ | Design, Synthesis and Evaluation of New Drug Delivery Systems. | ਫਰਮਾਸਿਊਟੀਕਲ ਸਾਇੰਸ- ਐਪਲਾਈਡ ਸਾਇੰਸਜ਼ ਫ਼ੈਕਲਟੀ |
| 11. ਕੰਚਨ ਲਤਾ | Microwave Processing of YSZ Electrolyte and Ni-YSZ Cermet Anode for SOFC. | ਐਪਲਾਈਡ ਫਿਜ਼ਿਕਸ- ਐਪਲਾਈਡ ਸਾਇੰਸਜ਼ ਫ਼ੈਕਲਟੀ |
| 12. ਰਾਜ ਕੁਮਾਰ | Marketing Practices and Strategies of Small Scale Industry in the Liberalised Era: A Case Study of Punjab. | ਬਿਜ਼ਨੈਸ ਐਡਮਨਿਸਟ੍ਰੇਸ਼ਨ- ਇਕਨਾਮਿਕਸ ਤੇ ਬਿਜ਼ਨੈਸ ਫ਼ੈਕਲਟੀ |
| 13. ਹਰਵੰਤ ਕੌਰ | ਗੁਰੂ ਅਮਰਦਾਸ ਜੀ ਦੀ ਰਚਿਤ ਬਾਣੀ ਦਾ ਸਮਾਜ-ਸਭਿਆਚਾਰਕ ਅਧਿਐਨ | ਪੰਜਾਬੀ- ਲੈਂਗੂਏਜਿਜ਼ ਫ਼ੈਕਲਟੀ |
| 14. ਜਗਵਿੰਦਰ ਸਿੰਘ | ਪੰਜਾਬੀ ਸਾਹਿਤ ਚਿੰਤਨ ਦਾ ਪੰਜਾਬੀ ਸੂਫੀ ਕਾਵਿ ਬਾਰੇ ਪ੍ਰਤਿਉੱਤਰ: ਇਤਿਹਾਸ-ਮੂਲਕ ਅਧਿਐਨ | ਪੰਜਾਬੀ- ਲੈਗੂਏਜਿਜ਼ ਫ਼ੈਕਲਟੀ |
| 15. ਸੁਖਦੀਪ ਘੁੰਮਣ | Semiotics of the Identity of the Individual and the Nation in Salman Rushdie's Midnight's Children. | ਅੰਗਰੇਜ਼ੀ- ਲੈਂਗੂਏਜਿਜ਼ ਫ਼ੈਕਲਟੀ |
| 16. ਅਵੀਨਾਸ਼ ਚੰਦਰ | Interplay of Linguistic Structure and Function in Arundhati Roy's The God of Small Things. | ਅੰਗਰੇਜ਼ੀ- ਲੈਂਗੂਏਜਿਜ਼ ਫ਼ੈਕਲਟੀਂ |
| 17. ਗੁਰਵੇਲ ਸਿੰਘ | Baloch Ethnic Uprisings and National Integration in Pakistan. | ਪੋਲੀਟੀਕਲ ਸਾਇੰਸ- ਆਰਟਸ ਤੇ ਸੋਸ਼ਲ ਸਾਇੰਸਜ਼ ਫ਼ੈਕਲਟੀ |
| 18. ਅਨੂ ਕਪਿਲ | Role of Infrastructure in Economic | ਇਕਨਾਮਿਕਸ- |

| | | |
|---|---|---|
| | Development in India: An Inter-State Analysis. | ਇਕਨਾਮਿਕਸ ਤੇ ਬਿਜ਼ਨੈਸ ਫ਼ੈਕਲਟੀ |
| 19. ਨਵਤੇਜ ਕੌਰ | Genetic Improvement, Multiplication And Characterization in Species of Scented Rose. | ਬਾਇਓ-ਟੈਕਨਾਲੋਜੀ-ਲਾਈਫ ਸਾਇੰਸਜ਼ ਫ਼ੈਕਲਟੀ |
| 20. ਵਿਜੈ ਕੁਮਾਰ ਲਾਂਬਾ | Simulation and Modeling of Charge Transport in Nano MOSFETS. | ਇਲੈਕਟ੍ਰੋਨਿਕਸ ਟੈਕਨਾਲੋਜੀ-ਇੰਜੀਨੀਰਿੰਗ ਤੇ ਟੈਕਨਾਲੋਜੀ ਫ਼ੈਕਲਟੀ |

**ਸਬੰਧਤ ਸਹਾਇਕ ਲਾਇਬ੍ਰੇਰੀਅਨਾਂ ਨੂੰ ਕੈਰੀਅਰ ਐਡਵਾਸਮੈਂਟ ਸਕੀਮ ਅਧੀਨ ਸੀਨੀਅਰ ਸਕੇਲ ਵਿਚ ਪਲੇਸ ਕਰਨ ਦੀ ਪਰਵਾਨਗੀ ।**

34. ਵਾਈਸ-ਚਾਂਸਲਰ ਸਾਹਿਬ ਦੀ ਸਿਫ਼ਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਜਾਬ ਸਰਕਾਰ ਦੇ ਪੱਤਰ ਨੰ: 10/39/01-5E1/19743-48 ਮਿਤੀ 6.8.2008 ਰਾਹੀਂ ਜਾਰੀ ਅਤੇ ਸਿੰਡੀਕੇਟ ਵੱਲੋਂ ਅਡਾਪਟ ਕੀਤੀ ਕੈਰੀਅਰ ਐਡਵਾਂਸਮੈਂਟ ਸਕੀਮ ਅਧੀਨ, ਹੇਠ ਲਿਖੇ ਦੋ ਸਹਾਇਕ ਲਾਇਬ੍ਰੇਰੀਅਨਾਂ ਨੂੰ ਯੋਗ ਹੋਣ ਦੀ ਮਿਤੀ ਤੋਂ ਰੁ: 10000-15200 (ਸੋਧਿਆ ਸਕੇਲ ਰੁ: 15600-39100+7000AGP) ਦੇ ਸੀਨੀਅਰ ਸਕੇਲ ਵਿਚ ਪਲੇਸ ਕੀਤਾ ਜਾਂਦਾ ਹੈ, ਪ੍ਰੰਤੂ ਉਨ੍ਹਾਂ ਨੂੰ ਇਸ ਸਬੰਧੀ ਬਣਦਾ ਵਿਤੀ ਲਾਭ ਮਿਤੀ 6.8.2008 ਭਾਵ ਪੰਜਾਬ ਸਰਕਾਰ ਵੱਲੋਂ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰਨ ਦੀ ਮਿਤੀ ਤੋਂ ਦਿਤਾ ਜਾਵੇਗਾ:-

| | ਯੋਗ ਹੋਣ ਦੀ ਮਿਤੀ |
|---|---|
| 1. ਸ੍ਰੀ ਸੁਰਿੰਦਰ ਸਿੰਘ ਘੁੰਮਣ | 15.2.2006 |
| 2. ਸ੍ਰੀਮਤੀ ਸਰਿਤਾ ਰਾਣੀ | 14.2.2006 due<br>1.7.2007 drawn |

**ਡਾਇਰੈਕਟਰ, ਪਬਲੀਕੇਸ਼ਨ ਬਿਊਰੋ ਦੀ ਅਸਾਮੀ ਲਈ ਯੋਗਤਾਵਾਂ ਦੀ ਪਰਵਾਨਗੀ ।**

35. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾਇਰੈਕਟਰ, ਪਬਲੀਕੇਸ਼ਨ ਬਿਊਰੋ ਦੀ ਅਸਾਮੀ ਲਈ ਯੋਗਤਾਵਾਂ ਨਿਰਧਾਰਤ ਕਰਨ ਹਿਤ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 23.11.2009 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ ।

**ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 20.11.2009 ਦੀਆਂ ਸਿਫ਼ਾਰਸ਼ਾਂ ਦੀ ਪਰਵਾਨਗੀ ।**

36. ਸਿੰਡੀਕੇਟ ਦੇ ਵੱਖ-ਵੱਖ ਨਿਰਣਿਆਂ ਨੂੰ ਮੁੱਖ ਰੱਖਦਿਆਂ ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 20.11.2009 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਉਤੇ ਵਿਚਾਰ ਹੋਈ ।

**ਪਾਸ ਹੋਇਆ** ਕਿ ਸਿੰਡੀਕੇਟ ਦੇ ਵੱਖ-ਵੱਖ ਨਿਰਣਿਆਂ ਨੂੰ ਮੁੱਖ ਰੱਖਦਿਆਂ ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 20.11.2009 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ ।

**ਅਨ-ਏਡਿਡ ਬੀ.ਐਡ. ਕਾਲਜਾਂ ਵਿਚ ਪ੍ਰਿੰਸੀਪਲਾਂ ਅਤੇ ਲੈਕਚਰਾਰਾਂ ਦੀ ਨਿਯੁਕਤੀ ਲਈ ਯੋਗਤਾਵਾਂ ਸਬੰਧੀ ਕਮੇਟੀ ਦੀਆਂ ਸਿਫ਼ਾਰਸ਼ਾਂ ਦੀ ਪੁਸ਼ਟੀ ।**

37. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਅਨ-ਏਡਿਡ ਬੀ.ਐਡ. ਕਾਲਜਾਂ ਵਿਚ ਪ੍ਰਿੰਸੀਪਲਾਂ ਅਤੇ ਲੈਕਚਰਾਰਾਂ ਦੀ ਨਿਯੁਕਤੀ ਲਈ ਐਨ.ਸੀ.ਟੀ.ਈ. ਵੱਲੋਂ ਨਿਰਧਾਰਤ ਯੋਗਤਾਵਾਂ ਨੂੰ ਘੋਖਣ ਹਿਤ ਗਠਿਤ ਕੀਤੀ ਕਮੇਟੀ ਦੀਆਂ ਮਿਤੀ 8.10.2009 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਹਨ ।

**ਮਾਈਕਰੋਬਿਆਲੋਜੀ ਵਿਭਾਗ ਵਿਖੇ ਅੱਗ ਲਗਣ ਕਰਕੇ ਸੜ ਚੁੱਕੇ ਯੰਤਰ ਵੱਟੇ-ਖਾਤੇ ਪਾਉਣ ਦੀ ਪਰਵਾਨਗੀ ।**

38. ਮਾਈਕਰੋਬਿਆਲੋਜੀ ਵਿਭਾਗ ਵਿਖੇ ਮਿਤੀ 25.10.2009 ਨੂੰ ਅੱਗ ਲੱਗ ਜਾਣ ਕਾਰਣ ਡੀ.ਬੀ.ਟੀ. ਪ੍ਰੋਜੈਕਟ "Screening of Bio-molecules from Microbial diversity collected from different ecological niches" ਨਾਲ ਸਬੰਧਤ 459634/- ਰੁਪਏ ਕੀਮਤ ਦੇ ਹੇਠ ਲਿਖੇ ਸੜ ਚੁੱਕੇ ਯੰਤਰਾਂ ਨੂੰ, ਸਬੰਧਤ ਪ੍ਰੋਜੈਕਟ ਇੰਚਾਰਜ ਅਤੇ ਮੁਖੀ ਵਿਭਾਗ ਦੀ ਰਿਪੋਰਟ (**ਅੰਤਿਕਾ** ਅਨੁਸਾਰ) ਨੂੰ ਮੁੱਖ ਰੱਖ ਕੇ, ਵੱਟੇ ਖਾਤੇ ਪਾਉਣ 'ਤੇ ਵਿਚਾਰ ਹੋਈ:-

| Equipment | Make | Bill Nos./Date | Amount |
|---|---|---|---|
| Incubator Shaker | Scigenics | 250/ 19.3.2008 | 175325/- |
| Laminar Flow | Narang Scientific Works | 513/ 18.12.2007 | 175971/- |
| BOD Incubator | Narang Scientific Works | 512/ 18.12.2007 | 108338/- |
| | | **Total=** | **459634/-** |

**ਪਾਸ ਹੋਇਆ** ਕਿ ਡੀ.ਬੀ.ਟੀ. ਪ੍ਰੋਜੈਕਟ "Screening of Bio-molecules from Microbial diversity collected from different ecological niches" ਨਾਲ ਸਬੰਧਤ 459634/- ਰੁਪਏ ਕੀਮਤ ਦੇ ਉਕਤ ਯੰਤਰਾਂ ਨੂੰ ਵੱਟੇ ਖਾਤੇ ਪਾਇਆ ਜਾਂਦਾ ਹੈ ।

**ਬੋਟੈਨੀਕਲ ਅਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਦੇ ਨਕਾਰਾ ਅਤੇ ਨਾ-ਮੁਰੰਮਤਯੋਗ ਯੰਤਰ ਵੱਟੇ-ਖਾਤੇ ਪਾਉਣ ਦੀ ਪਰਵਾਨਗੀ ।**

39. ਵਿਚਾਰ ਉਪਰੰਤ

**ਪਾਸ ਹੋਇਆ** ਕਿ ਬੋਟੈਨੀਕਲ ਅਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਵਿਖੇ ਸਮੇਂ-ਸਮੇਂ ਖ੍ਰੀਦੇ ਗਏ 282089/- ਰੁਪਏ ਕੀਮਤ ਦੇ ਯੰਤਰ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤਯੋਗ ਹੋ ਚੁੱਕੇ ਹਨ, ਨੂੰ ਵੱਟੇ-ਖਾਤੇ ਪਾਉਣ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 18.11.2009 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ ।

**ਬੀ.ਐਡ. ਐਂਟਰੈਂਸ ਟੈਸਟ-2009 ਦੇ ਬਾਕੀ ਬਚਦੇ ਪ੍ਰਾਸਪੈਕਟਸ ਵੱਟੇ-ਖਾਤੇ ਪਾਉਣ ਦੀ ਪਰਵਾਨਗੀ ।**

40. ਵਾਈਸ-ਚਾਂਸਲਰ ਸਾਹਿਬ ਦੀ ਸਿਫ਼ਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਬੀ.ਐਡ. ਐਂਟਰੈਂਸ ਟੈਸਟ-2009 ਲਈ ਛਪਵਾਏ 40000 ਪ੍ਰਾਸਪੈਕਟਸ ਵਿਚੋਂ ਵਿਕਰੀ ਉਪਰੰਤ, ਬਾਕੀ ਬਚਦੇ 11407 ਪ੍ਰਾਸਪੈਕਟਸ, ਜਿਨ੍ਹਾਂ ਦੀ ਕੁਲ ਲਾਗਤ ਕੀਮਤ 206010/- ਰੁਪਏ ਬਣਦੀ ਹੈ ਅਤੇ ਜੋ ਮੁੜ ਵਰਤੋਂਯੋਗ ਨਹੀਂ ਹਨ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਤੇ ਦਰਜ ਸਟੈਚਿਊਟ ਅਧੀਨ ਵੱਟੇ-ਖਾਤੇ ਪਾਇਆ ਜਾਂਦਾ ਹੈ ।

**ਸ੍ਰੀ ਸੁਖਦੇਵ ਪਾਲ ਮਹਿਤਾ, ਸੇਵਾ-ਮੁਕਤ, ਸਟਾਫ ਨਰਸ(ਮੇਲ) ਦੀ ਕੰਟ੍ਰੈਕਟ ਨਿਯੁਕਤੀ ਦੀ ਪੁਸ਼ਟੀ ।**

41. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਸੁਖਦੇਵ ਪਾਲ ਮਹਿਤਾ, ਸੇਵਾ-ਮੁਕਤ ਸਟਾਫ ਨਰਸ(ਮੇਲ), ਯੂਨੀਵਰਸਿਟੀ ਹੈਲਥ ਸੈਂਟਰ ਨੂੰ ਮਿਤੀ 3.12.2009 ਤੋਂ 1.3.2010 ਤੱਕ (89 ਦਿਨਾਂ ਲਈ) ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, 6900/- ਰੁਪਏ ਮਾਸਿਕ (ਬਿਲਮੁਕਤਾ) ਉਤੇ, ਕੰਟ੍ਰੈਕਟ ਅਧਾਰ 'ਤੇ ਸਟਾਫ ਨਰਸ(ਮੇਲ) ਵਜੋਂ ਮੁੜ ਨਿਯੁਕਤ ਕੀਤਾ ਹੈ ।

**ਅਧਿਆਪਕਾਂ ਦੀਆਂ ਘੱਟੋ-ਘੱਟ ਯੋਗਤਾਵਾਂ ਆਦਿ ਅਤੇ ਐਮ.ਫਿਲ / ਪੀ.ਐਚ.ਡੀ. ਡਿਗਰੀ ਦੇਣ ਲਈ ਘੱਟੋ-ਘੱਟ ਮਿਆਰ ਅਤੇ ਪ੍ਰਕ੍ਰਿਆ ਨਿਰਧਾਰਤ ਕਰਨ ਸਬੰਧੀ ਯੂ.ਜੀ.ਸੀ. ਦਾ ਪੱਤਰ ਅਤੇ ਕਮੇਟੀ ਦੀਆਂ ਸਿਫ਼ਾਰਸ਼ਾਂ ਦੀ ਪਰਵਾਨਗੀ।**

42. (ੳ) ਅਧਿਅਪਕਾਂ ਦੀ ਨਿਯੁਕਤੀ ਆਦਿ ਲਈ ਘੱਟੋ-ਘੱਟ ਯੋਗਤਾਵਾਂ ਅਤੇ ਐਮ.ਫਿਲ./ਪੀ.ਐਚ.ਡੀ. ਡਿਗਰੀ ਦੇਣ ਲਈ ਘੱਟੋ-ਘੱਟ ਮਿਆਰ ਅਤੇ ਪ੍ਰਕ੍ਰਿਆ ਸਬੰਧੀ ਯੂ.ਜੀ.ਸੀ. ਦਾ ਪੱਤਰ F.No.1-1/2002 (PS) Pt file-III ਮਿਤੀ 28.8.2009 **ਅੰਤਿਕਾ** ਅਨੁਸਾਰ ਇਸ ਯੂਨੀਵਰਸਿਟੀ ਵਿਖੇ ਅਡਾਪਟ ਕਰਨ 'ਤੇ ਵਿਚਾਰ ਹੋਈ ।

(ਅ) ਉਕਤ ਯੂ.ਜੀ.ਸੀ ਦੇ ਪੱਤਰ ਦੀ ਰੌਸ਼ਨੀ ਵਿਚ ਇਸ ਯੂਨੀਵਰਸਿਟੀ ਵਿਖੇ ਐਮ.ਫਿਲ./ਪੀ.ਐਚ.ਡੀ. ਡਿਗਰੀ ਦੇਣ ਲਈ ਘੱਟੋ-ਘੱਟ ਮਿਆਰ ਅਤੇ ਪ੍ਰਕ੍ਰਿਆ ਨਿਰਧਾਰਤ ਕਰਨ ਹਿਤ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਉਤੇ ਵਿਚਾਰ ਹੋਈ ।

**ਪਾਸ ਹੋਇਆ** ਕਿ (I) ਅਧਿਆਪਕਾਂ ਦੀ ਨਿਯੁਕਤੀ ਆਦਿ ਲਈ ਘੱਟੋ-ਘੱਟ ਯੋਗਤਾਵਾਂ ਅਤੇ ਐਮ.ਫਿਲ./ਪੀ.ਐਚ.ਡੀ. ਡਿਗਰੀ ਦੇਣ ਲਈ ਘੱਟੋ-ਘੱਟ ਮਿਆਰ ਅਤੇ ਪ੍ਰਕ੍ਰਿਆ ਸਬੰਧੀ ਯੂ.ਜੀ.ਸੀ. ਦਾ ਪੱਤਰ F.No. 1-1/2002(PS) Pt file-III ਮਿਤੀ 28.8.2009 **ਅੰਤਿਕਾ(ੳ)** ਅਨੁਸਾਰ, ਇਸ ਯੂਨੀਵਰਸਿਟੀ ਵਿਖੇ ਲਾਗੂ ਕਰਨ ਹਿਤ ਅਡਾਪਟ ਕੀਤਾ ਜਾਂਦਾ ਹੈ।

(II) ਯੂ.ਜੀ.ਸੀ. ਦੇ ਪੱਤਰ F.No. 1-1/2002(PS) Pt file-III ਮਿਤੀ 28.8.2009 ਦੀ ਰੌਸ਼ਨੀ ਵਿਚ ਇਸ ਯੂਨੀਵਰਸਿਟੀ ਵਿਖੇ ਐਮ.ਫਿਲ./ਪੀ.ਐਚ.ਡੀ. ਡਿਗਰੀ ਦੇਣ ਲਈ ਘੱਟੋ-ਘੱਟ ਮਿਆਰ ਅਤੇ ਪ੍ਰਕ੍ਰਿਆ ਨਿਰਧਾਰਤ ਕਰਨ ਹਿਤ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਸਿਫ਼ਾਰਸ਼ਾਂ **ਅੰਤਿਕਾ (ਅ)** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ ਅਤੇ ਇਨਾਂ ਦੀ ਜਾਣਕਾਰੀ ਰਿਸਰਚ ਡਿਗਰੀ ਬੋਰਡ ਨੂੰ ਵੀ ਦੇ ਦਿੱਤੀ ਜਾਵੇ। ਜੇ ਕਰ ਰਿਸਰਚ ਡਿਗਰੀ ਬੋਰਡ ਇਨ੍ਹਾਂ ਸਬੰਧੀ ਕਿਸੇ ਤਬਦੀਲੀ ਦਾ ਸੁਝਾਅ ਦੇਵੇ ਤਾਂ ਇਸ ਸਬੰਧੀ ਨਿਰਣਾ ਲੈਣ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਗੌਰਵ ਧਵਨ ਦਾ ਬੀ.ਟੈਕ. (ਕੰਪਿਊਟਰ ਸਾਇੰਸ ਤੇ ਇੰਜੀਨੀਰਿੰਗ ਵਿਭਾਗ ਦਾ ਦਾਖਲਾ ਨਿਯਮਤ ਕਰਨ ਦੀ ਪੁਸ਼ਟੀ ।**

43. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਗੌਰਵ ਧਵਨ V/S ਗੁਰੂ ਨਾਨਕ ਦੇਵ ਯੂਨਿਵਰਸਿਟੀ ਐਂਡ ਅਦਰਜ਼ ਕੇਸ ਸਬੰਧੀ SLP No. 24119/2007 ਦੇ ਨਿਰਣੇ ਅਨੁਸਾਰ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਬੀ.ਟੈਕ. (ਕੰਪਿਊਟਰ ਸਾਇੰਸ ਤੇ ਇੰਜੀਨੀਰਿੰਗ) ਦੇ ਵਿਦਿਆਰਥੀ ਗੌਰਵ ਧਵਨ, ਜੋ ਅਧਿਆਦੇਸ਼ਾਂ ਅਨੁਸਾਰ ਤੀਜਾ, ਚੋਥਾ ਅਤੇ ਛੇਵੇਂ ਸਮੈਸਟਰ ਵਿਚ ਦਾਖਲੇ ਲਈ 40% ਅੰਕਾਂ ਦੀ ਸ਼ਰਤ ਪੂਰੀ ਨਹੀਂ ਕਰਦਾ ਸੀ, ਪ੍ਰੰਤੂ ਫਿਰ ਵੀ ਸਬੰਧਤ ਵਿਭਾਗ/ਦਫਤਰ ਦੀ ਕੁਤਾਹੀ ਕਾਰਣ ਸਤਵੇਂ ਸਮੈਸਟਰ ਪ੍ਰੀਖਿਆ ਵਿਚ ਵੀ ਪ੍ਰਵੇਸ਼ ਕਰ ਗਿਆ, ਨੂੰ ਅਧਿਆਦੇਸ਼ਾਂ ਵਿਚ ਛੋਟ ਦੇ ਕੇ ਦਾਖਲਾ ਨਿਯਮਤ ਕਰਨ ਦੀ ਪਰਵਾਨਗੀ ਦਿਤੀ ਹੈ ਤਾਂ ਜੋ ਉਹ 2 ਸਾਲ 2 ਮਹੀਨੇ ਅਤੇ 7 ਦਿਨ ਦਾ ਸਮਾਂ ਜੋ ਉਸ ਨੂੰ litigation ਵਿਚ ਗੁਜਾਰਨਾ ਪਿਆ, ਦੌਰਾਨ ਰੀਅਪੀਅਰ ਵਾਲੇ ਪੇਪਰ ਕਲੀਅਰ ਕਰਨ ਉਪੰਰਤ ਅਠਵੇਂ ਸਮੈਸਟਰ ਪ੍ਰੀਖਿਆ ਵਿਚ ਪ੍ਰਵੇਸ਼ ਕਰ ਸਕੇ ।

**ਪ੍ਰੀਖਿਆ ਸ਼ਾਖਾਵਾਂ ਵਿਚ ਨਿਰਧਾਰਤ ਗਿਣਤੀ ਤੋਂ ਵੱਧ ਦਾਖਲਾ ਫਾਰਮ ਡੀਲ ਕਰਨ ਲਈ ਕੀਤੀ ਜਾਂਦੀ ਅਦਾਇਗੀ ਬੰਦ ਕਰਨ ਦਾ ਨਿਰਣਾ ।**

44. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇਕੱਤਰਤਾ ਮਿਤੀ 9.2.2004 ਦੇ ਪੈਰਾ 50 ਰਾਹੀਂ ਪ੍ਰੀਖਿਆਵਾਂ ਸ਼ਾਖਾਵਾਂ ਵਿਚ ਨਿਰਧਾਰਤ ਗਿਣਤੀ ਤੋਂ ਵੱਧ ਦਾਖਲਾ ਫਾਰਮ ਡੀਲ ਕਰਨ ਲਈ 6/- ਰੁਪਏ ਪ੍ਰਤੀ ਦਾਖਲਾ ਫਾਰਮ ਮਾਨ-ਭੱਤੇ ਦੀ ਅਦਾਇਗੀ ਬਾਰੇ ਨਿਰਣੇ ਨੂੰ ਰਿਵਿਊ ਕਰਨ ਹਿਤ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਮਿਤੀ 27.11.2009 ਦੀ ਸਿਫ਼ਾਰਸ਼ **ਅੰਤਿਕਾ** ਅਨੁਸਾਰ ਪਰਵਾਨ ਕੀਤੀ ਜਾਂਦੀ ਹੈ ।

**ਸਬੰਧਤ ਉਮੀਦਵਾਰਾਂ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।**

45. ਵਾਈਸ-ਚਾਂਸਲਰ ਸਾਹਿਬ ਦੀ ਸਿਫ਼ਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਹਰੇਕ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫੈਕਲਟੀ ਅਨੁਸਾਰ, ਡਾਕਟਰ ਆਫ ਫ਼ਿਲਾਸਫੀ ਦੀ ਡਿਗਰੀ ਪਰਦਾਨ ਕੀਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਅਸ਼ਵਨੀ ਕੁਮਾਰ | Hydrobiological Investigations of the Ravi River System in Indian Region. | ਜ਼ੁਆਲੋਜੀ- ਲਾਈਫ ਸਾਇੰਸਜ਼ ਫੈਕਲਟੀ |
| 2. | ਪਰਵੀਨ ਬਾਲਾ | Solitons and Double Layers in Multispecies Plasma. | ਫਿਜ਼ਿਕਸ- ਸਾਇੰਸਜ਼ ਫ਼ੈਕਲਟੀ |

**ਸੇਵਾ ਮੁਕਤ ਹੋਣ ਉਪਰੰਤ ਸਬੰਧਤ ਅਧਿਆਪਕਾਂ ਦੀ ਕੰਟ੍ਰੈਕਟ ਅਧਾਰ 'ਤੇ ਨਿਯੁਕਤੀ ਦੀ ਪਰਵਾਨਗੀ।**

46. ਵਾਈਸ-ਚਾਂਸਲਰ ਸਾਹਿਬ ਦੀ ਸਿਫ਼ਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਕੰਵਲਜੀਤ ਗਰੋਵਰ, ਪ੍ਰੋਫੈਸਰ, ਸਕੂਲ ਆਫ਼ ਪੰਜਾਬੀ ਸਟੱਡੀਜ਼ ਨੂੰ ਮਿਤੀ 31.12.2009 ਨੂੰ ਸੇਵਾ-ਮੁਕਤ ਹੋਣ ਉਪਰੰਤ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 81-82 ਉਤੇ ਸਟੈਚਿਊਟ 94(ii)(b) ਅਤੇ ਸਿੰਡੀਕੇਟ ਦੀ ਇਕੱਤਰਤਾ ਮਿਤੀ 11.10.2004 ਦੇ ਪੈਰਾ 15 ਰਾਹੀਂ ਲਏ ਨਿਰਣੇ ਅਨੁਸਾਰ ਮਿਤੀ 1.1.2010 ਤੋਂ 31.12.2010 ਤੱਕ ਇਕ ਸਾਲ ਲਈ ਨਿਯਮਾਂ ਅਨੁਸਾਰ ਬਣਦੀ ਤਨਖਾਹ ਤੇ ਕੰਟ੍ਰੈਕਟ ਅਧਾਰ ਉਤੇ ਇਸ ਸ਼ਰਤ ਤੇ ਨਿਯੁਕਤ ਕੀਤਾ ਜਾਂਦਾ ਹੈ ਕਿ ਉਹ ਦੂਜੇ ਵਿਭਾਗਾਂ ਵਿਚ ਲੋੜੀਂਦਾ ਟੀਚਿੰਗ ਲੋਡ ਪੂਰਾ ਕਰਨਗੇ ਅਤੇ ਉਪਰੰਤ ਸਥਿਤੀ ਨੂੰ ਰਿਵਿਊ ਕੀਤਾ ਜਾਵੇਗਾ । ਇਸ ਮੰਤਵ ਲਈ ਸਟੈਚਿਊਟ 94(b)(4) ਦੀ ਵਿਵਸਥਾ ਅਨੁਸਾਰ ਪ੍ਰੋਫੈਸਰ ਦੀ ਇਕ supernumerary ਅਸਾਮੀ ਉਤਪੰਨ ਕੀਤੀ ਜਾਂਦੀ ਹੈ ।

ਸਿੰਡੀਕੇਟ ਦੇ ਧਿਆਨ ਵਿਚ ਲਿਆਦਾਂ ਗਿਆ ਕਿ ਡਾ. ਰਘਬੀਰ ਕੌਰ, ਰੀਡਰ, ਪੰਜਾਬੀ ਵਿਭਾਗ, ਜੋ ਰਿਜਨਲ ਕੈਂਪਸ, ਜਲੰਧਰ ਮਿਤੀ 31.12.2009 ਨੂੰ ਸੇਵਾ ਮੁਕਤ ਹੋ ਰਹੀ ਹੈ, ਨੂੰ ਸਿੰਡੀਕੇਟ ਦੇ ਪਹਿਲਾਂ ਲਏ ਨਿਰਣੇ ਅਤੇ ਯੂਨੀਵਰਸਿਟੀ ਨਿਯਮਾਂ ਦੀ ਰੋਸ਼ਨੀ ਵਿਚ ਮੁੜ ਨਿਯੁਕਤ ਕਰਨ ਲਈ ਵਿਚਾਰਨਾ ਬਣਦਾ ਹੈ । ਇਹ ਵੀ ਧਿਆਨ ਵਿਚ ਲਿਆਦਾਂ ਗਿਆ ਕਿ ਰਿਜਨਲ ਕੈਂਪਸ ਜਲੰਧਰ ਵਿਖੇ ਇਸ ਸਮੇਂ ਐਮ.ਏ. ਪੰਜਾਬੀ ਨਹੀਂ ਚੱਲ ਰਹੀ ਅਤੇ ਸਬੰਧਤ ਅਧਿਆਪਕਾ ਕੋਲ ਲੋੜੀਂਦਾ ਟੀਚਿੰਗ ਲੋਡ ਹੋਣਾ ਸੰਭਵ ਨਹੀਂ, ਪ੍ਰੰਤੂ ਕੁਝ ਵਿਦਿਆਰਥੀਆਂ ਦੇ ਖੋਜ ਨਿਬੰਧ ਪੂਰੇ ਕਰਵਾਏ ਜਾਣੇ ਬਾਕੀ ਹਨ ।

ਵਿਚਾਰ ਉਪੰਰਤ

**ਪਾਸ ਹੋਇਆ** ਕਿ ਡਾ. ਰਘਬੀਰ ਕੌਰ, ਰੀਡਰ, ਪੰਜਾਬੀ ਵਿਭਾਗ, ਰਿਜਨਲ ਕੈਂਪਸ, ਜਲੰਧਰ ਮਿਤੀ 31.12.2009 ਨੂੰ ਸੇਵਾ-ਮੁਕਤ ਹੋਣ ਉਪਰੰਤ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 81-82 ਉਤੇ ਸਟੈਚਿਊਟ 94(ii)(b) ਅਤੇ ਸਿੰਡੀਕੇਟ ਦੀ ਇਕੱਤਰਤਾ ਮਿਤੀ 11.10.2004 ਦੇ ਪੈਰਾ 15 ਰਾਹੀਂ ਲਏ ਨਿਰਣੇ ਅਨੁਸਾਰ ਮਿਤੀ 1.1.2010 ਤੋਂ 30.6.2010 ਤੱਕ ਛੇ ਮਹੀਨੇ ਲਈ, ਨਿਯਮਾਂ ਅਨੁਸਾਰ ਬਣਦੀ ਤਨਖਾਹ ਤੇ ਕੰਟ੍ਰੈਕਟ ਅਧਾਰ ਤੇ ਮੁੜ ਨਿਯੁਕਤ ਕੀਤਾ ਜਾਂਦਾ ਹੈ । ਇਸ ਮੰਤਵ ਲਈ ਸਟੈਚਿਊਟ 94(b)(4) ਦੀ ਵਿਵਸਥਾ ਅਨੁਸਾਰ ਰੀਡਰ ਦੀ ਇਕ supernumerary ਅਸਾਮੀ ਉਤਪੰਨ ਕੀਤੀ ਜਾਂਦੀ ਹੈ।

**ਸਬੰਧਤ ਵਿਦਿਆਰਥਣ ਨੂੰ ਇੰਪਰਸੋਨੇਸ਼ਨ ਦੇ ਕੇਸ ਵਿਚ ਪੰਜ ਸਾਲ ਲਈ ਅਯੋਗ ਕਰਾਰ ਦਿੱਤਾ ਗਿਆ ।**

47. ਸਿੰਡੀਕੇਟ ਨੇ ਨੋਟ ਕੀਤਾ ਕਿ ਯੂਨੀਵਰਸਿਟੀ ਪ੍ਰੀਖਿਆਵਾਂ ਵਿਚ ਅਣ-ਉਚਿਤ ਸਾਧਨਾਂ ਦੀ ਵਰਤੋਂ ਬਾਰੇ ਰੋਕਥਾਮ ਆਦਿ ਸਬੰਧੀ ਗਠਿਤ ਸਟੈਡਿੰਗ ਕਮੇਟੀ ਨੇ ਅਣ-ਉਚਿਤ ਸਾਧਨਾਂ ਦੀ ਵਰਤੋਂ ਬਾਰੇ ਅਧਿਆਦੇਸ਼ 10(v) ਸਮੇਤ ਅਧਿਆਦੇਸ਼ 11.1(e) ਅਧੀਨ ਕਿਰਨਜੀਤ ਕੌਰ ਪੁਤਰੀ ਸ੍ਰੀ ਮੱਘਰ ਸਿੰਘ, ਰੋਲ ਨੰ: 172085, ਬੀ.ਏ. ਭਾਗ ਪਹਿਲਾ, ਅਪ੍ਰੈਲ 2009 ਨੂੰ ਕੋਈ ਵੀ ਯੂਨੀਵਰਸਿਟੀ ਪ੍ਰੀਖਿਆ ਦੇਣ ਤੋਂ ਪੰਜ ਸਾਲ ਦੇ ਸਮੇਂ ਲਈ ਅਯੋਗ ਕਰਾਰ ਦਿੱਤਾ ਹੈ ਕਿਉਂਜੋ ਉਕਤ ਪ੍ਰੀਖਿਆ ਦੌਰਾਨ ਮਿਊਜ਼ਿਕ ਵੋਕਲ, ਪੇਪਰ ਏ ਵਾਲੇ ਦਿਨ ਉਸ ਦੀ ਥਾਂ ਕੋਈ ਹੋਰ ਬੈਠਾ ਸੀ ।

**ਵੱਖ-ਵੱਖ ਅਸਾਮੀਆਂ ਉਤੇ ਨਿਯੁਕਤੀਆਂ ਲਈ ਚੋਣ ਕਮੇਟੀਆਂ ਦੀਆਂ ਸਿਫ਼ਾਰਸ਼ਾਂ ਦੀ ਪਰਵਾਨਗੀ ।**

48. ਹੇਠ ਲਿਖੀਆਂ ਅਸਾਮੀਆਂ ਲਈ ਚੋਣ ਕਮੇਟੀਆਂ ਦੀਆਂ ਸਿਫ਼ਾਰਸ਼ਾਂ **ਅੰਤਿਕਾਵਾਂ** ਅਨੁਸਾਰ ਉਤੇ ਵਿਚਾਰ ਹੋਈ:-

1. ਲੈਕਚਰਾਰ ਫਿਜ਼ੀਕਲ ਐਜੂਕੇਸ਼ਨ (ਟੀਚਿੰਗ)
2. ਲੈਕਚਰਾਰ ਮੌਲੀਕਿਊਲਰ ਬਾਇਆਲੋਜੀ ਤੇ ਬਾਇਓਕਮਿਸਟਰੀ
3. ਲਾਇਬ੍ਰੇਰੀਅਨ
4. ਅਸਿਸਟੈਂਟ ਲਾਇਬ੍ਰੇਰੀਅਨ, ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ
5. ਅਸਿਸਟੈਂਟ ਲਾਇਬ੍ਰੇਰੀਅਨ, ਭਾਈ ਗੁਰਦਾਸ ਲਾਇਬ੍ਰੇਰੀ (ਐਸ.ਸੀ./ਐਸ.ਟੀ. ਲਈ ਰਾਖਵੀਂ)
6. ਸਿਕਿਉਰਟੀ ਅਫਸਰ

**ਪਾਸ ਹੋਇਆ** ਕਿ ਚੋਣ ਕਮੇਟੀਆਂ ਦੀਆਂ ਸਿਫ਼ਾਰਸ਼ਾਂ ਨੂੰ ਮੁੱਖ ਰੱਖਦਿਆਂ ਹੇਠ ਲਿਖੀਆਂ ਅਸਾਮੀਆਂ 'ਤੇ ਹਰੇਕ ਅੱਗੇ ਦਰਸਾਏ ਅਨੁਸਾਰ, ਵਿਅਕਤੀਆਂ ਨੂੰ ਨਿਯੁਕਤ ਕੀਤਾ ਜਾਂਦਾ ਹੈ:-

| | | |
|---|---|---|
| 1. ਲੈਕਚਰਾਰ ਫਿਜ਼ੀਕਲ ਐਜੂਕੇਸ਼ਨ (ਟੀਚਿੰਗ) | - | 1. ਸ੍ਰੀ ਅਮਨਦੀਪ ਸਿੰਘ ਪੁੱਤਰ ਸ੍ਰੀ ਸੁਰਿੰਦਰ ਸਿੰਘ<br>2. ਡਾ. ਬਲਜਿੰਦਰ ਸਿੰਘ ਬੱਲ ਪੁੱਤਰ ਸ੍ਰੀ ਜਗੀਰ ਸਿੰਘ ਬੱਲ |
| 2. ਲੈਕਚਰਾਰ ਮੌਲੀਕਿਊਲਰ ਬਾਇਆਲੋਜੀ ਤੇ ਬਾਇਓਕਮਿਸਟਰੀ | - | ਡਾ. ਰਚਨਾ ਹੋਰਾ ਪੁੱਤਰੀ ਸ੍ਰੀ ਬੀ.ਬੀ. ਹੋਰਾ |
| 3. ਲਾਇਬ੍ਰੇਰੀਅਨ | - | ਡਾ. ਹਰਿੰਦਰ ਸਿੰਘ ਚੋਪੜਾ ਪੁੱਤਰ ਸ੍ਰੀ ਸੌਦਾਗਰ ਸਿੰਘ ਨੂੰ 62 ਸਾਲ ਦੀ ਉਮਰ ਹੋਣ ਤੱਕ ਕੰਟ੍ਰੈਕਟ ਅਧਾਰ 'ਤੇ। ਤਨਖਾਹ ਯੂਨਵਿਰਸਿਟੀ ਨਿਯਮਾਂ ਅਨੁਸਾਰ ਨਿਸ਼ਚਿਤ ਕੀਤੀ ਜਾਵੇਗੀ । |
| 4. ਅਸਿਸਟੈਂਟ ਲਾਇਬ੍ਰੇਰੀਅਨ, ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ | - | ਮਿਸ ਸ਼ਵੇਤਾ ਪੁੱਤਰੀ ਸ੍ਰੀ ਸੁਰੇਸ਼ ਕੁਮਾਰ ਭੱਲਾ |
| 5. ਅਸਿਸਟੈਂਟ ਲਾਇਬ੍ਰੇਰੀਅਨ, ਭਾਈ ਗੁਰਦਾਸ ਲਾਇਬ੍ਰੇਰੀ (ਐਸ.ਸੀ./ਐਸ.ਟੀ. ਲਈ ਰਾਖਵੀਂ) | - | ਮਿਸ ਸਵੀਤਾ ਪੁੱਤਰੀ ਸ੍ਰੀ ਵਰਿੰਦਰ ਸਿੰਘ |
| 6. ਸਿਕਿਉਰਟੀ ਅਫਸਰ | - | ਲੈਫ. ਕਰਨਲ (ਰਿਟਾ.) ਹਰਬੰਸ ਸਿੰਘ ਪੁੱਤਰ ਸ੍ਰੀ ਪਿਆਰਾ ਸਿੰਘ ਨੂੰ ਯੂਨੀਵਰਸਿਟੀ ਨਿਯਮਾਂ ਅਨੁਸਾਰ ਜਾਇਨ ਕਰਨ ਦੀ ਮਿਤੀ ਤੋਂ ਤਿੰਨ ਸਾਲਾਂ ਲਈ।<br>ਉਡੀਕ ਸੂਚੀ<br>ਮੇਜਰ (ਰਿਟਾ.) ਕੁਲਦੀਪ ਸਿੰਘ ਪੁੱਤਰ ਸ੍ਰੀ ਚੰਨਣ ਸਿੰਘ |

**ਅਕਾਦਮਿਕ ਕੌਂਸਲ ਦੀ ਇਕੱਤਰਤਾ ਮਿਤੀ 20.11.2009 ਦੀਆਂ ਸਿਫ਼ਾਰਸ਼ਾਂ ਦੀ ਪਰਵਾਨਗੀ।**

49. ਅਕਾਦਮਿਕ ਕੌਂਸਲ ਦੀ ਇਕੱਤਰਤਾ ਮਿਤੀ 20.11.2009 ਦੀਆਂ ਹੇਠ ਲਿਖੀਆਂ ਸਿਫ਼ਾਰਸ਼ਾਂ 'ਤੇ ਵਿਚਾਰ ਹੋਈ:-

(1) ਕਿ ਸੈਸ਼ਨ 2010-11 ਤੋਂ ਹੇਠ ਲਿਖੇ ਕੋਰਸਾਂ ਦੇ ਅਧਿਆਦੇਸ਼ਾਂ ਸਬੰਧੀ ਆਰਟਸ ਐਂਡ ਸੋਸ਼ਲ ਸਾਇੰਸਜ਼ ਫ਼ੈਕਲਟੀ ਦੀ ਇਕੱਤਰਤਾ ਮਿਤੀ 8.10.2009 ਦੀਆਂ ਸਿਫ਼ਾਰਸ਼ਾਂ ਪਰਵਾਨ ਕੀਤੀਆਂ ਜਾਂਦੀਆਂ ਹਨ:-

| | |
|---|---|
| i) P.G. Diploma in Journalism & Mass Communication (Annual System) | Changes in Ordinance 1.2 & 3.1 as per **Appendix** A(iv) |
| ii) Master of Social Sciences (Hons.School) | Changes in Ordinance 18 as per **Appendix** A(xi) |
| iii) M.A. Police Administration (Regular) | Changes in Ordinance 2 as per **Appendix** A(xx) |

(Para A)

(2) ਕਿ ਫ਼ੈਕਲਟੀ ਆਫ਼ ਸਾਇੰਸਜ਼ ਦੀ ਇਕੱਤਰਤਾ ਮਿਤੀ 8.10.2009 ਦੀਆਂ ਹੇਠ ਲਿਖੀਆਂ ਸਿਫ਼ਾਰਸ਼ਾਂ ਪਰਵਾਨ ਕੀਤੀਆਂ ਜਾਂਦੀਆਂ ਹਨ:-

I ਕਿ ਪੀ.ਜੀ. ਡਿਪਲੋਮੇ: (1) ਪੀ.ਜੀ. ਡਿਪਲੋਮਾ ਇਨ ਕਾਸਮੈਟੋਲੋਜੀ, (2) ਪੀ.ਜੀ. ਡਿਪਲੋਮਾ ਇਨ ਫ਼ੈਸ਼ਨ ਡਿਜ਼ਾਇੰਨਿੰਗ, (3) ਪੀ.ਜੀ. ਡਿਪਲੋਮਾ ਇਨ ਡਰੈਸ ਡਿਜ਼ਾਇਨਿੰਗ ਐਂਡ ਟੇਲਰਿੰਗ, (4) ਪੀ.ਜੀ ਡਿਪਲੋਮਾ ਇਨ ਨਿਊਟ੍ਰੀਸ਼ਨ ਐਂਡ ਡਾਇਟੈਟਿਕਸ ਦੀ ਪਾਤਰਤਾ (Eligibility) 45% in Graduation from the Session 2010-11 ਤੋਂ ਹੋਵੇਗੀ।

**ਨੋਟ:** ਇਸ ਸਬੰਧੀ ਮਿਤੀ 5-2-2009 ਨੂੰ ਸੈਸ਼ਨ 2009-10 ਲਈ ਹੋਈ ਅਕਾਦਮਿਕ ਕੌਂਸਲ ਦੀ ਇਕੱਤਰਤਾ ਵਿਚ ਪਹਿਲਾਂ ਪਾਸ ਹੋ ਚੁੱਕਾ ਹੈ ਜੋ ਕਿ ਇਹ ਪਾਤਰਤਾ (Eligibility) ਸੈਸ਼ਨ 2009-10 ਤੋਂ ਲਾਗੂ ਹੋਣੀ ਸੀ । ਪਰ ਚੇਅਰਪਰਸਨ ਪਾਠ ਸਿੱਖਿਆ ਬੋਰਡ ਹੋਮ ਸਾਇੰਸ ਅਤੇ ਡੀਨ ਫੈਕਲਟੀ ਆਫ ਸਾਇੰਸਜ਼ ਦੀ ਸਿਫ਼ਾਰਸ਼ ਤੇ ਇਸ ਨੂੰ ਸੈਸ਼ਨ 2010-11 ਤੋਂ ਲਾਗੂ ਕਰਨਾ ਹੈ ।

II (1) ਕਿ ਐਮ.ਐਸ.ਸੀ. ਕੈਮਿਸਟਰੀ (ਇੰਸਟਰੂਮੈਂਟਲ ਅਨੈਲੇਸਿਜ਼) ਅਤੇ ਐਮ.ਐਸ.ਸੀ. (ਇੰਡਸਟ੍ਰੀਅਲ ਕੈਮਿਸਟਰੀ) ਕੋਰਸਾਂ ਨੂੰ ਸੈਸ਼ਨ 2010-11 ਤੋਂ ਬੰਦ ਕਰ ਦਿੱਤਾ ਜਾਵੇ।

(2) ਕਿ ਇਨ੍ਹਾਂ ਕੋਰਸਾਂ ਦੀ ਥਾਂ ਐਮ.ਐਸ.ਸੀ. (ਆਨਰਜ਼) ਕੈਮਿਸਟਰੀ ਕੋਰਸ ਸੈਸ਼ਨ 2010-11 ਤੋਂ ਸ਼ੁਰੂ ਕੀਤਾ ਜਾਵੇ

(3) B.Sc. Industrial Chemistry (elective) is not running in any of the colleges from the last four years so this should be discontinued

(4) It was unanimously passed that M.Sc. (Hons) Physics should be renamed as M.Sc. (Physics)

(Para C)

(3) ਕਿ ਸੈਸ਼ਨ 2010-11 ਤੋਂ ਹੇਠ ਲਿਖੇ ਕੋਰਸਾਂ ਦੇ ਅਧਿਆਦੇਸ਼ਾਂ ਸਬੰਧੀ

ਅਪਲਾਈਡ ਸਾਇੰਸਜ਼ ਫ਼ੈਕਲਟੀ ਦੀ ਇਕੱਤਰਤਾ ਮਿਤੀ 7.10.2009 ਦੀਆਂ ਸਿਫ਼ਾਰਸ਼ਾਂ ਪਰਵਾਨ ਕੀਤੀਆਂ ਜਾਂਦੀਆਂ ਹਨ:-

(i) M.Pharm- Changes in eligibility as follows:

| Exixting Ordinace | Proposed Ordinance |
|---|---|
| (1) Clause 3c | |
| The admission will be made in order of preference for specialization, on the basis of score in the GATE and in case of non-availability of GATE qualified candidates the admission will be based on merit in the admission test to be conducted by the Department. | The admission will be made in order of preference for specialization on the basis of score in GATE/National level eligibility test for Pharmacy graduates and in case of non-availability of GATE/National level eligiibility test for Pharmacy graduates qualified candidates the admission will be based on merit in the admission test to be conducted by the Department. |
| (2) Clause 4 | |
| 80% seats (16 out of 20) are reserved for students who have qulaified GATE and passed B.Pharm. Examination from Guru Nanak Dev University. However, if eligible candidate(s) are not available under above category, the vacant seats shall be open to the candidates who have qualified GATE and B.Pharm. Examination from other Universities. | 80% seats (16 out of 20) are reserved for students who have qualified GATE/National level eligibility test for Pharmacy graduates and passed B.Pharm. Examination from Guru Nanak Dev University. However, if eligible candidate(s) are not available under above category, the vacant seats shall be open to the candidates who have qualified GATE/National level eligibility test for Pharmacy graduates and B.Pharm. Examination from other Universities. |
| (ii) Common Ordinances for all add on courses pertaining to Pharmaceutical Sciences | Revised ordinaces as per **Appendix** D(vii) |
| (iii) Common Ordinances for all add on courses pertaining to Food Science & Quality Control | Revised Ordinances as per **Appendix** D(xv) |
| (iv) M.Sc. Food Technology | Change in eligibility as per **Appendix** |
| (v) B.Tech. Textile Chemistry | Change in eligibility as per **Appendix** |
| (vi) B.Tech. Sugar & Alcohol Technology | Change in eligibility as per **Appendix** |

(Para D)

(4) ਕਿ ਸੈਸ਼ਨ 2010-11 ਤੋਂ ਹੇਠ ਲਿਖੇ ਕੋਰਸਾਂ ਦੇ ਅਧਿਆਦੇਸ਼ਾਂ ਸਬੰਧੀ

ਇੰਜੀਨੀਰਿੰਗ ਐਂਡ ਟੈਕਨਾਲੋਜੀ ਫ਼ੈਕਲਟੀ ਦੀ ਇਕੱਤਰਤਾ ਮਿਤੀ 1.10.2009 ਦੀਆਂ ਸਿਫ਼ਾਰਸ਼ਾਂ ਪਰਵਾਨ ਕੀਤੀਆਂ ਜਾਂਦੀਆਂ ਹਨ:-

| | |
|---|---|
| (i) M.Sc. (Computer Science), Information Technology & Network and Protocol Design) | Revised eligibility creteria as per **Appendix** E(4) |
| (ii) Common Ordinances for All Add on Courses pertaining to Computer Science & Engineering. | Ordinances as per **Appendix** E(ii) |
| (iii) Revised Common Ordinances for Add on Course pertaining to Electronics & Communication Engineering | Ordinances As per **Appendix** E(vii) |

(Para E)

(5) ਕਿ ਸੈਸ਼ਨ 2010-11 ਤੋਂ ਹੇਠ ਲਿਖੇ ਕੋਰਸਾਂ ਦੇ ਅਧਿਆਦੇਸ਼ਾਂ ਸਬੰਧੀ ਫ਼ਿਜ਼ੀਕਲ ਪਲੈਨਿੰਗ ਐਂਡ ਆਰਕੀਟੈਕਚਰ ਫ਼ੈਕਲਟੀ ਦੀ ਇਕੱਤਰਤਾ ਮਿਤੀ 12.10.2009 ਦੀਆਂ ਸਿਫ਼ਾਰਸ਼ਾਂ ਪਰਵਾਨ ਕੀਤੀਆਂ ਜਾਂਦੀਆਂ ਹਨ:-

| | |
|---|---|
| (i) B.Tech. (URP) | Ordinances as per **Apppendix** H(i) |
| (ii) M.Tech. (Urban Planning) | Ordinances As per **Appendix** H(ii) |
| (iii) Master of Technology (Infrastructure Planning) | Ordinances as per **Appendix** H(ii) |
| (iv) B. Architecture | Ordinances as per **Appendix** H(iv) |

(Para H)

(6) ਕਿ ਸੈਸ਼ਨ 2010-11 ਤੋਂ ਹੇਠ ਲਿਖੇ ਕੋਰਸਾਂ ਦੇ ਅਧਿਆਦੇਸ਼ ਸਬੰਧੀ ਐਜੂਕੇਸ਼ਨ ਫ਼ੈਕਲਟੀ ਦੀ ਇਕੱਤਰਤਾ ਮਿਤੀ 13.10.2009 ਦੀਆਂ ਸਿਫ਼ਾਰਸ਼ਾਂ ਪਰਵਾਨ ਕੀਤੀਆਂ ਜਾਂਦੀਆਂ ਹਨ:-

| | |
|---|---|
| (1) ਬੀ.ਐਡ. | ਪਾਤਰਤਾ (Eligibility) ਸੈਸ਼ਨ 2010-11 ਤੋਂ ਹੇਠ ਲਿਖੇ ਅਨੁਸਾਰ ਹੈ:-<br>"50% marks in the Bachelor's Degree and/or in Master's Degree. The reservation in seats & relaxation in the qualifying marks in favour of the reserved categories shall be as per the rules of the concerned government." |
| (2) ਐਮ.ਐਡ. | ਪਾਤਰਤਾ (Eligibility) ਸੈਸ਼ਨ 2010-11 ਤੋਂ ਹੇਠ ਲਿਖੇ ਅਨੁਸਾਰ ਹੈ:-<br>"50% marks in the Bachelor's Degree in Education. The reservation in seats & relaxation in |

the qualifying marks in favour of the reserved categories shall be as per the rules of the concerned government."

(Para I)

(7) ਕਿ ਲਾਅ ਕੋਰਸਾਂ ਦੇ ਅਧਿਆਦੇਸ਼ਾਂ ਸਬੰਧੀ ਲਾਅਜ਼ ਫ਼ੈਕਲਟੀ ਦੀ ਇਕੱਤਰਤਾ ਮਿਤੀ 12.10.2009 ਦੀਆਂ ਹੇਠ ਲਿਖੀਆਂ ਸਿਫ਼ਾਰਸ਼ਾਂ ਪਰਵਾਨ ਕੀਤੀਆਂ ਜਾਂਦੀਆਂ ਹਨ।

The rules of Bar Council of India w.e.f. academic session 2009-10 are as under:

(i) Rule-5: regarding eligibility for admission
(ii) Rule-6: regarding prohibition to register for two regular course of studies.
(iii) Rule-7: regarding minimum qualifying marks for qualifying the examination for admission.
(iv) Entry No. 28, Schedule-III, Page-35 of the Rules- regarding Age on admission.
(v) Rule10: regarding Semester System.
(vi) Rule 11: regarding minimum infrasturcture.
(vii) Rule12: regarding end semester test (attendance requirement).

The above rules- As per **Appendix** 'L(i)'

**Note:** These rules will be placed in the ordinances.

(Para L)

(8) ਕਿ ਸੈਸ਼ਨ 2010-11 ਤੋਂ ਹੇਠ ਲਿਖੇ ਕੋਰਸਾਂ ਦੇ ਅਧਿਆਦੇਸ਼ਾਂ ਸਬੰਧੀ ਸਪੋਰਟਸ ਮੈਡੀਸਨ ਐਂਡ ਫ਼ਿਜ਼ੀਓਥਰਾਪੀ ਫ਼ੈਕਲਟੀ ਦੀ ਇਕੱਤਰਤਾ ਮਿਤੀ 18.9.2009 ਦੀਆਂ ਸਿਫ਼ਾਰਸ਼ਾਂ ਪਰਵਾਨ ਕੀਤੀਆਂ ਜਾਂਦੀਆਂ ਹਨ:-

| | |
|---|---|
| (i) ਮਾਸਟਰਜ਼ ਇਨ ਹਾਸਪੀਟਲ ਐਡਮਨਿਸਟ੍ਰੇਸ਼ਨ | ਅਧਿਆਦੇਸ਼ **ਅੰਤਿਕਾ** N(i) ਅਨੁਸਾਰ |
| (ii) ਮਾਸਟਰਜ਼ ਇਨ ਐਕਸਰਸਾਈਜ਼ ਫ਼ਿਜ਼ੀਆਲੋਜੀ ਐਂਡ ਨਿਊਟ੍ਰੀਸ਼ਨ | ਅਧਿਆਦੇਸ਼ **ਅੰਤਿਕਾ** N(ii) ਅਨੁਸਾਰ |

(Para N)

(9) ਕਿ ਵਾਈਸ-ਚਾਂਸਲਰ ਸਾਹਿਬ ਦੁਆਰਾ ਗਠਿਤ ਕਮੇਟੀਆਂ ਵੱਲੋਂ ਯੂਨੀਵਰਸਿਟੀ ਨਾਲ ਸਬੰਧਤ ਹੇਠ ਲਿਖੇ ਕਾਲਜਾਂ ਦੇ ਮਿਆਦੀ ਨਿਰੀਖਣ ਦੀਆਂ ਰਿਪੋਰਟਾਂ **ਅੰਤਿਕਾ** Q ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ:

1. Khalsa College, Amritsar.
2. K.R.M.D.A.V., Nakodar (Jalandhar)
3. Govt. College, Ajnala.
4. D.A.V. College, Jalandhar.
5. B.B.K.D.A.V. College for Women, Amritsar.
6. Trinity College, Jalandhar.
7. Hindu Kanya Maha Vidyalaya, Dhariwal.
8. B.D. Arya Girls College, Jalandhar Cantt.

(Para Q)

(10) (i) ਕਿ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ

ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਵੱਲੋਂ ਸੈਸ਼ਨ 2009-10 ਤੋਂ ਨਵੇਂ ਕਾਲਜਾਂ ਨੂੰ (ਕੋਰਸਾਂ ਸਮੇਤ) ਆਰਜ਼ੀ ਸਬੰਧਤਾ ਦਿਤੀ ਹੈ- **ਅੰਤਿਕਾ** R(i)

(ii) ਕਿ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸੈਸ਼ਨ 2009-10 ਤੋਂ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਨੂੰ ਨਵੇਂ ਵਿਸ਼ੇ/ਕਲਾਸਾਂ/ਕੋਰਸਾਂ ਦੀ ਆਰਜ਼ੀ ਸਬੰਧਤਾ ਪਰਦਾਨ ਕੀਤੀ ਹੈ-**ਅੰਤਿਕਾ** R(ii)

(Para R)

(11) ਕਿ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠਾਂ ਦਿਤੇ ਕਾਲਜਾਂ ਵਿਚ ਚੱਲ ਰਹੇ ਕੋਰਸਾਂ ਨੂੰ ਸੈਸ਼ਨ 2009-10 ਤੋਂ ਬੰਦ ਕਰਨ ਦੀ ਪਰਵਾਨਗੀ ਦਿੱਤੀ ਹੈ:-

| ਕਾਲਜ ਦਾ ਨਾਮ | ਕੋਰਸ ਦਾ ਨਾਮ |
|---|---|
| 1. B.U.C. College Batala | M.A. (Political Sc.) |
| 2. Doaba College Jalandhar | B.Sc.(Economics) |
| 3. Doaba College, Jalandhar | B.A.(Hons.) Political Sc. |

(Para T)

(12) ਕਿ ਅਕਾਦਮਿਕ ਕੌਂਸਲ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਦਿੱਲੀ ਵਿਖੇ ਇਸ ਯੂਨੀਵਰਸਿਟੀ ਨਾਲ ਸਬੰਧਤ ਰੈਗੂਲਰ ਕਾਲਜਾਂ ਅਤੇ ਡਿਸਟੈਂਸ ਐਜੂਕੇਸ਼ਨ ਅਧੀਨ ਚੁਲ ਰਹੇ ਕਾਲਜਾਂ ਨੂੰ ਸੈਸ਼ਨ 2010-11 ਤੋਂ ਪੜਾਅ ਵਾਰ ਬੰਦ ਕਰਨ ਲਈ ਯੂ.ਜੀ.ਸੀ. ਵੱਲੋਂ ਪ੍ਰਾਪਤ ਪੱਤਰ ਨੰ: F.9-8/2008 (CPP-I) ਮਿਤੀ 16.4.2009 **ਅੰਤਿਕਾ** U(i) ਅਤੇ ਪੱਤਰ ਨੰ: F.9-8/2008 (CPP-I) ਮਿਤੀ 12.6.2009 **ਅੰਤਿਕਾ** U(ii) ਦੇ ਅਧਾਰ 'ਤੇ ਸੰਗਠਿਤ ਕਮੇਟੀ ਦੀਆਂ ਸਿਫ਼ਾਰਸ਼ਾਂ **ਅੰਤਿਕਾ** U (iii) ਨੂੰ ਪਰਵਾਨਗੀ ਦਿੱਤੀ ਹੈ।

(Para U)

(13) ਕਿ ਰਿਜਨਲ ਕੈਂਪਸ, ਜਲੰਧਰ ਦੇ ਕਾਨੂੰਨ ਵਿਭਾਗ ਅਤੇ ਸਕੂਲ ਆਫ਼ ਲੀਗਲ ਸਟੱਡੀਜ਼ ਦੋਨਾਂ ਵਿਭਾਗਾਂ ਨੂੰ ਇਕੱਠਾ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਨੋਟ:1.** ਯੂਨੀਵਰਸਿਟੀ ਕੈਂਪਸ ਦਾ ਲਾਅ ਵਿਭਾਗ ਪਹਿਲਾਂ ਯੂਨੀਵਰਸਿਟੀ ਕਾਲਜ, ਜਲੰਧਰ ਵਿਖੇ ਚੱਲ ਰਿਹਾ ਸੀ ਜੋ ਰਿਜ਼ਨਲ ਕੈਂਪਸ, ਜਲੰਧਰ ਤੋਂ ਕਾਫੀ ਦੂਰ ਸੀ । ਪ੍ਰਬੰਧਕੀ ਮੁਸ਼ਕਿਲਾਂ ਅਤੇ ਵਿਦਿਆਰਥੀਆਂ ਦੇ ਹਿਤ ਵਿਚ ਇਸ ਵਿਭਾਗ ਨੂੰ ਰਿਜ਼ਨਲ ਕੈਂਪਸ, ਜਲੰਧਰ ਵਿਖੇ ਤਬਦੀਲ ਕਰ ਦਿੱਤਾ ਗਿਆ ਹੈ । ਹੁਣ ਦੋਵੇਂ ਵਿਭਾਗ-ਲਾਅ ਵਿਭਾਗ ਅਤੇ ਸਕੂਲ ਆਫ ਲੀਗਲ ਸਟੱਡੀਜ਼ ਰਿਜ਼ਨਲ ਕੈਂਪਸ, ਜਲੰਧਰ ਵਿਖੇ ਚੱਲ ਰਹੇ ਹਨ । ਲਾਅ ਵਿਭਾਗ ਦੇ ਮੁਖੀ ਨੂੰ ਹੀ ਸਕੂਲ ਆਫ ਲੀਗਲ ਸਟੱਡੀਜ਼ ਦੀਆਂ ਵਧੀਕ ਜ਼ਿੰਮੇਵਾਰੀਆਂ ਸੌਂਪੀਆਂ ਹਨ । ਰਿਜ਼ਨਲ ਕੈਂਪਸ ਵਿਖੇ ਪੰਜ ਸਾਲਾ ਆਨਰਜ਼ ਸਕੂਲ ਆਫ ਲੀਗਲ ਸਟੱਡੀਜ਼ ਅਤੇ ਲਾਅ ਵਿਭਾਗ ਵਿਖੇ ਤਿੰਨ ਸਾਲਾ ਐਲ.ਐਲ.ਬੀ. ਕੋਰਸ ਅਤੇ ਦੋ ਸਾਲਾ ਐਲ.ਐਲ.ਐਮ.

ਕੋਰਸ ਚੱਲ ਰਹੇ ਹਨ । ਪ੍ਰਬੰਧਕੀ ਪੱਖੋਂ ਅਤੇ ਵਿਦਿਆਰਥੀਆਂ ਦੇ ਹਿਤ ਵਿਚ ਉਚਿਤ ਹੋਵੇਗਾ ਜੇਕਰ ਦੋਹਾਂ ਵਿਭਾਗਾਂ ਨੂੰ ਇਕੱਠਿਆਂ ਕਰਕੇ ਇਕ ਵਿਭਾਗ ਬਣਾ ਦਿੱਤਾ ਜਾਵੇ ।

**ਨੋਟ:2.** ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21 ਤੇ ਅੰਕਿਤ ਸਟੈਚਿਊਟ 'Creation of Departments' ਹੇਠ ਲਿਖੇ ਅਨੁਸਾਰ ਹੈ:-

(A) Creation of Departments

The University shall establish such Departments as the Senate, on the recommendations of the Academic Council and the Syndicate, may decide from time to time.

(Para V)

(14) ਕਿ ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ ਵਿਖੇ ਐਜੂਕੇਸ਼ਨ ਫ਼ੈਕਲਟੀ ਦਾ ਨਵਾਂ ਵਿਭਾਗ ਸਥਾਪਤ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

(Para W)

**ਪਾਸ ਹੋਇਆ** ਕਿ ਅਕਾਦਮਿਕ ਕੌਂਸਲ ਦੀ ਇਕੱਤਰਤਾ ਮਿਤੀ 20.11.2009 ਦੀਆਂ ਉਕਤ ਸਿਫ਼ਾਰਸ਼ਾਂ ਪਰਵਾਨ ਕੀਤੀਆਂ ਜਾਂਦੀਆਂ ਹਨ ਅਤੇ ਅਧਿਆਦੇਸ਼ਾਂ ਦੀਆਂ ਸੋਧਾਂ ਰੈਗੂਲੇਸ਼ਨਜ਼ ਕਮੇਟੀ ਨੂੰ ਭੇਜ ਦਿੱਤੀਆਂ ਜਾਣ ।

ਇਹ ਵੀ **ਪਾਸ ਹੋਇਆ** ਕਿ ਉਕਤ ਸਬੰਧੀ ਨਿਰਣਿਆਂ ਵਿਚ ਜੇਕਰ ਕਿਸੇ ਤਬਦੀਲੀ/ਦਰੁਸਤੀ ਕਰਨ ਦੀ ਲੋੜ ਹੋਵੇ ਤਾਂ ਇਸ ਸਬੰਧੀ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿਤੇ ਜਾਂਦੇ ਹਨ ।

ਏਜੰਡਾ ਖਤਮ ਹੋਣ ਉਪਰੰਤ ਵਾਈਸ-ਚਾਂਸਲਰ ਸਾਹਿਬ ਨੇ ਦੱਸਿਆ ਕਿ ਸਿੰਡੀਕੇਟ ਨੇ ਆਪਣੀ ਇਕੱਤਰਤਾ ਮਿਤੀ 7.10.2009 ਦੇ ਪੈਰਾ 34 ਰਾਹੀਂ ਅਧਿਆਪਕਾਂ ਦੇ plagiarism ਸਬੰਧੀ ਸਾਰੇ ਕੇਸਾਂ ਨੂੰ ਰਿਵਿਊ ਕਰਨ ਹਿਤ ਹੇਠ ਲਿਖੀ ਕਮੇਟੀ ਦਾ ਗਠਨ ਕੀਤਾ ਸੀ :-

1. ਵਾਈਸ-ਚਾਂਸਲਰ
2. ਡਾ. ਸੰਤੋਖ ਸਿੰਘ
3. ਸ. ਪਰੇਮ ਸਿੰਘ, ਐਡਵੋਕੇਟ

ਫਲਸਰੂਪ ਉਕਤ ਕਮੇਟੀ ਵੱਲੋਂ ਮਿਤੀ 10.11.2009 ਨੂੰ ਹੋਈ ਇਕੱਤਰਤਾ ਵਿਚ ਹੇਠ ਲਿਖੇ ਕੇਸਾਂ ਨੂੰ ਵਿਚਾਰਿਆ ਗਿਆ। ਕਮੇਟੀ ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਹਨ:-

I. ਡਾ. ਬਲਵਿੰਦਰ ਸਿੰਘ, ਰੀਡਰ , ਕਮਰਸ ਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਦਾ ਕੇਸ
II. ਡਾ. ਐਚ. ਐਸ. ਬੇਦੀ, ਪ੍ਰੋਫੈਸਰ , ਹਿੰਦੀ ਵਿਭਾਗ ਦਾ ਕੇਸ
III. ਸ੍ਰੀਮਤੀ ਅਵਿਦੰਰ ਕੌਰ, ਕਲਰਕ (ਹੁਣ ਸੀਨੀਅਰ ਸਹਾਇਕ) ਦਾ ਕੇਸ

IV. ਡਾ. ਕੁਲਜੀਤ ਕੌਰ, ਪ੍ਰੋਫੈਸਰ, ਲਾਅ ਵਿਭਾਗ ਦਾ ਕੇਸ
V.ਸ੍ਰੀ ਸਿਮਰਨਜੀਤ ਸਿੰਘ ਬੈਂਸ, ਲੈਕਚਰਾਰ ਇਕਨਾਮਿਕਸ, ਲਾਇਲਪੁਰ ਖਾਲਸਾ ਕਾਲਜ, ਜਲੰਧਰ ਦਾ ਕੇਸ

ਉਨ੍ਹਾਂ ਦੱਸਿਆ ਕਿ ਕਮੇਟੀ ਵੱਲੋਂ ਹਰੇਕ ਕੇਸ ਨੂੰ ਗਹੁ ਨਾਲ ਘੋਖਿਆ ਗਿਆ ਅਤੇ ਉਪਲੱਬਧ ਰਿਕਾਰਡ ਨੂੰ ਵੀ ਵਾਚਿਆ ਗਿਆ।

**I. ਡਾ. ਬਲਵਿੰਦਰ ਸਿੰਘ, ਰੀਡਰ, ਕਮਰਸ ਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਦਾ ਕੇਸ**

ਵਾਈਸ ਚਾਂਸਲਰ ਸਾਹਿਬ ਨੇ ਦੱਸਿਆ ਕਿ ਸਿੰਡੀਕੇਟ ਨੇ ਆਪਣੀ ਇਕੱਤਰਤਾ ਮਿਤੀ 4.12.2008 ਰਾਹੀਂ ਡਾ. ਬਲਵਿੰਦਰ ਸਿੰਘ, ਰੀਡਰ, ਕਮਰਸ ਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਦੇ ਕੇਸ ਵਿਚ ਖੋਜ ਪੱਤਰਾਂ/ ਖੋਜ ਕਾਰਜਾਂ ਵਿਚ ਕੀਤੀ ਨਕਲ ਕਾਰਨ ਉਸਦੀਆਂ ਚਾਰ ਸਲਾਨਾ ਤਰੱਕੀਆਂ with cumulative effect ਰੋਕਣ, ਸਿੰਡੀਕੇਟ ਦੇ ਨਿਰਣੇ ਦੀ ਮਿਤੀ ਤੋਂ ਚਾਰ ਸਾਲਾਂ ਲਈ ਵਿਭਾਗ ਦਾ ਮੁਖੀ ਬਣਨ ਦੇ ਅਯੋਗ ਕਰਾਰ ਅਤੇ ਚਾਰ ਸਾਲਾਂ ਤਕ ਪੀ.ਐਚ.ਡੀ ਦੇ ਨਵੇਂ ਕੇਸਾਂ ਲਈ ਸੁਪਰਵਾਈਜ਼ਰ ਵਜੋਂ ਨਿਯੁਕਤ ਨਾ ਕਰਨ ਦਾ ਨਿਰਣਾ ਲਿਆ ਸੀ। ਉਕਤ ਕਮੇਟੀ ਨੇ ਮਿਤੀ 10.11.2009 ਨੂੰ ਹੋਈ ਇਕੱਤਰਤਾ ਵਿਚ ਕੇਸ ਸਬੰਧੀ ਉਪਲਬਧ ਰਿਕਾਰਡ ਨੂੰ ਘੋਖਣ ਉਪਰੰਤ ਡਾ. ਬਲਵਿੰਦਰ ਸਿੰਘ ਵੱਲੋਂ ਨਕਲ ਕਰਨ ਦੀ ਪੁਸ਼ਟੀ ਕੀਤੀ ਹੈ ਅਤੇ ਵਿਸ਼ੇਸ਼ਗ ਕਮੇਟੀ ਨਾਲ ਸਹਿਮਤੀ ਪ੍ਰਗਟ ਕੀਤੀ ਹੈ।ਉਨ੍ਹਾਂ ਨਕਲ ਕੀਤੇ ਅੰਸ਼ ਸਿੰਡੀਕੇਟ ਦੇ ਮੈਂਬਰ ਸਾਹਿਬਾਨ ਨੂੰ ਵੀ ਵਿਖਾਏ ।

ਮੈਂਬਰ ਸਾਹਿਬਾਨ ਦਾ ਵਿਚਾਰ ਸੀ ਕਿ ਅਜਿਹੇ ਕੇਸਾਂ ਨੂੰ ਸਿੰਡੀਕੇਟ ਦੀ ਇਕੱਤਰਤਾ ਮਿਤੀ 23.2.2009 ਦੇ ਪੈਰਾ 33 ਰਾਹੀਂ ਅਧਿਆਪਕਾਂ / ਰਿਸਰਚ ਸਕਾਲਰਾਂ/ ਵਿਦਿਆਰਥੀਆਂ ਵੱਲੋਂ ਪ੍ਰਕਾਸ਼ਤ ਖੋਜ ਪੱਤਰਾਂ/ ਖੋਜ ਕਾਰਜਾਂ ਆਦਿ ਵਿਚ ਨਕਲ (plagiarism) ਦੇ ਅਨੁਪਾਤਕ ਸਜਾ ਦੇਣ ਸਬੰਧੀ ਨਿਰਧਾਰਤ ਸੇਧਾਂ ਅਨੁਸਾਰ ਵਿਚਾਰਿਆ ਜਾਣਾ ਚਾਹੀਦਾ ਹੈ ਅਤੇ ਸਿੰਡੀਕੇਟ ਵੱਲੋਂ ਮਿਤੀ 4.12.2008 ਦੀ ਇਕੱਤਰਤਾ ਵਿਚ ਦਿੱਤੀ ਗਈ ਸਜਾ ਨੂੰ ਰਿਵਿਊ ਕਰਨਾ ਬਣਦਾ ਹੈ ।

ਸਾਰੇ ਪੱਖਾਂ ਤੋਂ ਵਿਚਾਰਨ ਉਪਰੰਤ

ਸਿੰਡੀਕੇਟ ਨੇ ਮਿਤੀ 4.12.2008 ਦੇ ਨਿਰਣੇ ਨੂੰ ਰਿਵਿਊ ਕਰਦੇ ਹੋਏ ਹੇਠ ਲਿਖੇ ਅਨੁਸਾਰ ਨਿਰਣਾ ਲਿਆ ਕਿ:-

1. ਡਾ. ਬਲਵਿੰਦਰ ਸਿੰਘ, ਰੀਡਰ , ਕਮਰਸ ਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਵੱਲੋਂ ਖੋਜ ਪੱਤਰਾਂ/ ਖੋਜ ਕਾਰਜਾਂ ਵਿਚ ਕੀਤੀ ਨਕਲ (plagiarism) ਕਾਰਨ ਉਸ ਦੀਆਂ ਚਾਰ ਦੀ ਬਜਾਏ ਦੋ ਸਲਾਨਾ ਤਰੱਕੀਆਂ with cumulative effect ਰੋਕੀਆਂ ਜਾਂਦੀਆਂ ਹਨ ।
2. ਉਸ ਨੂੰ ਚਾਰ ਸਾਲ ਦੀ ਬਜਾਏ ਤਿੰਨ ਸਾਲਾਂ ਲਈ ਵਿਭਾਗ ਦਾ ਮੁਖੀ ਬਣਨ ਦੇ ਅਯੋਗ ਕਰਾਰ ਦਿੱਤਾ ਜਾਂਦਾ ਹੈ।
3. ਉਸ ਨੂੰ ਸਿੰਡੀਕੇਟ ਦੀ ਇਕੱਤਰਤਾ ਦੀ ਮਿਤੀ (3.12.2009) ਤੋਂ ਹੋਰ ਇਕ ਸਾਲ ਲਈ ਪੀ.ਐਚ.ਡੀ. ਦੇ ਨਵੇਂ ਕੇਸਾਂ ਲਈ ਸੁਪਰਵਾਈਜ਼ਰ ਵਜੋਂ ਨਿਯੁਕਤ ਨਾ ਕੀਤਾ ਜਾਵੇ।

**II. ਡਾ. ਐਚ. ਐਸ. ਬੇਦੀ, ਪ੍ਰੋਫੈਸਰ, ਹਿੰਦੀ ਵਿਭਾਗ ਦਾ ਕੇਸ**

ਵਾਈਸ-ਚਾਂਸਲਰ ਸਾਹਿਬ ਨੇ ਦੱਸਿਆ ਕਿ ਸਿੰਡੀਕੇਟ ਦੀ ਇਕੱਤਰਤਾ ਮਿਤੀ 23.2.2009 ਦੇ ਪੈਰਾ 67 ਰਾਹੀਂ ਹੋਏ ਨਿਰਣੇ ਨੂੰ ਮੁਖ ਰੱਖਦਿਆਂ ਖੋਜ ਕਾਰਜਾਂ ਵਿਚ ਨਕਲ (plagiarism) ਸਬੰਧੀ ਪ੍ਰਾਪਤ ਸ਼ਿਕਾਇਤਾਂ ਬਾਰੇ ਗਠਿਤ ਵਿਸ਼ੇਸ਼ਗ (expert) ਕਮੇਟੀ ਦੀਆਂ finidings ਦੇ ਅਧਾਰ 'ਤੇ ਡਾ. ਐਚ. ਐਸ. ਬੇਦੀ, ਪ੍ਰੋਫੈਸਰ , ਹਿੰਦੀ ਵਿਭਾਗ ਨੂੰ 'ਕਾਰਣ ਦੱਸੋ ਨੋਟਿਸ' ਜਾਰੀ ਕੀਤਾ ਗਿਆ ਸੀ ਅਤੇ ਉਸ ਵੱਲੋਂ ਇਸ ਸਬੰਧੀ ਦਿੱਤਾ ਜਵਾਬ ਵੀ ਸਿੰਡੀਕੇਟ ਦੀ ਇਕੱਤਰਤਾ ਮਿਤੀ 7.10.2009 ਵਿਚ ਵਿਚਾਰ ਹਿਤ ਪੇਸ਼ ਕੀਤਾ ਗਿਆ ਸੀ। ਪ੍ਰੰਤੂ ਸਾਰੇ ਨਕਲ (plagiarism) ਦੇ ਕੇਸਾਂ ਵਾਸਤੇ ਸਿੰਡੀਕੇਟ ਵੱਲੋਂ ਕਮੇਟੀ ਗਠਿਤ ਹੋਣ ਕਰਕੇ ਇਹ ਕੇਸ ਵੀ ਕਮੇਟੀ ਦੀ ਇਕੱਤਰਤਾ ਮਿਤੀ 10.11.2009 ਵਿਚ ਵਿਚਾਰਿਆ ਗਿਆ ।ਕਮੇਟੀ ਨੂੰ ਇਸ ਕੇਸ ਵਿਚ ਸਪਸ਼ਟ ਨਕਲ ਮੰਨਦੇ ਹੋਏ ਵਿਸ਼ੇਸ਼ਗ ਕਮੇਟੀ ਦੀ ਰਿਪੋਰਟ ਨਾਲ ਸਹਿਮਤੀ ਪ੍ਰਗਟ ਕੀਤੀ ।

ਸਿੰਡੀਕੇਟ ਦੇ ਧਿਆਨ ਵਿਚ ਇਹ ਵੀ ਲਿਆਂਦਾ ਗਿਆ ਕਿ ਡਾ. ਐਚ.ਐਸ. ਬੇਦੀ ਜਲਦੀ ਹੀ ਸੇਵਾ-ਮੁਕਤ ਹੋਣ ਵਾਲੇ ਹਨ ਅਤੇ ਇਸ ਕਰਕੇ ਇਨ੍ਹਾਂ ਦੇ ਕੇਸ ਵਿਚ ਨਰਮ ਰੁਖ ਅਪਨਾਉਣਾ ਉਚਿਤ ਹੋਵੇਗਾ।

ਕੇਸ ਨੂੰ ਸਾਰੇ ਪੱਖਾਂ ਤੋਂ ਵਿਚਾਰਨ ਉਪਰੰਤ ਸਿੰਡੀਕੇਟ ਨੇ ਨਿਰਣਾ ਲਿਆ ਕਿ ਡਾ. ਐਚ.ਐਸ. ਬੇਦੀ ਵੱਲੋਂ ਪੀ.ਐਚ.ਡੀ. ਥੀਸਿਸ ਲਈ ਖੋਜ ਕਾਰਜਾਂ ਵਿਚ ਨਕਲ (plagiarism) ਕਰਕੇ ਉਸ ਨੂੰ ਅੱਗੇ ਤੋਂ ਸੁਚੇਤ ਰਹਿਣ ਲਈ ਵਾਰਨਿੰਗ ਦਿੱਤੀ ਜਾਂਦੀ ਹੈ ਅਤੇ ਸੇਵਾ-ਮੁਕਤ ਹੋਣ ਉਪਰੰਤ ਅੱਗੋਂ ਮੁੜ ਨਿਯੁਕਤ ਨਾ ਕੀਤਾ ਜਾਵੇ।

**III. ਸ੍ਰੀਮਤੀ ਅਵਿਦੰਰ ਕੌਰ, ਕਲਰਕ (ਹੁਣ ਸੀਨੀਅਰ ਸਹਾਇਕ) ਦਾ ਕੇਸ**

ਵਾਈਸ-ਚਾਂਸਲਰ ਸਾਹਿਬ ਨੇ ਅੱਗੋਂ ਦੱਸਿਆ ਕਿ ਸ੍ਰੀਮਤੀ ਅਵਿੰਦਰ ਕੌਰ, ਕਲਰਕ (ਹੁਣ ਸੀਨੀਅਰ ਸਹਾਇਕ) ਵੱਲੋਂ ਪੀ.ਐਚ.ਡੀ. ਲਈ ਕੀਤੇ ਖੋਜ ਕਾਰਜਾਂ ਵਿਚ ਨਕਲ (plagiarism) ਦੇ ਕੇਸ ਵਿਚ ਵੀ ਸਿੰਡੀਕੇਟ ਦੀ ਇਕੱਤਰਤਾ ਮਿਤੀ 23.2.2009 ਦੇ ਪੈਰਾ 67 ਰਾਹੀਂ ਲਏ ਨਿਰਣੇ ਨੂੰ ਮੁੱਖ ਰੱਖਦਿਆ ਵਿਸ਼ੇਸ਼ਗ ਕਮੇਟੀ ਦੀਆਂ findings ਦੇ ਅਧਾਰ 'ਤੇ ਉਸ ਨੂੰ 'ਕਾਰਣ ਦੱਸੋ' ਨੋਟਿਸ ਜਾਰੀ ਕੀਤਾ ਗਿਆ ਸੀ ਅਤੇ ਉਸ ਵੱਲੋਂ ਇਸ ਸਬੰਧੀ ਦਿੱਤਾ ਜਵਾਬ ਵੀ ਸਿੰਡੀਕੇਟ ਦੀ ਇਕੱਤਰਤਾ ਮਿਤੀ 7.10.2009 ਵਿਚ ਵਿਚਾਰ ਹਿਤ ਪੇਸ਼ ਕੀਤਾ ਗਿਆ ਸੀ। ਸਿੰਡੀਕੇਟ ਵੱਲੋਂ ਗਠਿਤ ਕਮੇਟੀ ਵੱਲੋਂ ਵੀ ਹੁਣ ਇਸ ਕੇਸ ਨੂੰ ਵਿਚਾਰਿਆ ਗਿਆ। ਕਮੇਟੀ ਨੇ ਇਸ ਕੇਸ ਵਿਚ ਵੀ ਸਬੰਧਤ ਕਰਮਚਾਰੀ ਵੱਲੋਂ ਨਕਲ ਦੀ ਪੁਸ਼ਟੀ ਕੀਤੀ ਹੈ।

ਸਿੰਡੀਕੇਟ ਨੇ ਸਾਰੇ ਪੱਖਾਂ ਤੋਂ ਕੇਸ ਨੂੰ ਵਿਚਾਰਨ ਉਪਰੰਤ ਇਹ ਨਿਰਣਾ ਲਿਆ ਕਿ ਸ੍ਰੀਮਤੀ ਅਵਿੰਦਰ ਕੌਰ ਨੂੰ ਪਹਿਲਾਂ ਪ੍ਰਦਾਨ ਕੀਤੀ ਪੀ.ਐਚ.ਡੀ. ਦੀ ਡਿਗਰੀ ਵਾਪਿਸ ਲਈ ਜਾਂਦੀ ਹੈ ਅਤੇ ਉਸ ਦੀਆਂ ਸੇਵਾਵਾਂ ਖਤਮ (terminate) ਕੀਤੀਆਂ ਜਾਂਦੀਆਂ ਹਨ।

**IV. ਡਾ. ਕੁਲਜੀਤ ਕੌਰ, ਪ੍ਰੋਫੈਸਰ, ਲਾਅ ਵਿਭਾਗ ਦਾ ਕੇਸ**

ਵਾਈਸ-ਚਾਂਸਲਰ ਸਾਹਿਬ ਨੇ ਡਾ. ਕੁਲਜੀਤ ਕੌਰ, ਪ੍ਰੋਫੈਸਰ, ਲਾਅ ਵਿਭਾਗ ਵੱਲੋਂ ਨਕਲ (plagiarism) ਦੀ ਜਾਣਕਾਰੀ ਦਿੱਤੀ ।ਕਮੇਟੀ ਨੇ ਇਸ ਕੇਸ ਨੂੰ ਆਪਣੀ ਇਕੱਤਰਤਾ ਮਿਤੀ 10.11.2009 ਵਿਚ ਵਿਚਾਰਿਆ ਅਤੇ ਪੁਸ਼ਟੀ ਕੀਤੀ ਕਿ ਡਾ. ਕੁਲਜੀਤ ਕੌਰ ਨੇ ਆਪਣੇ ਪੇਪਰ "Role of Non-Govt. Organizations in the protection of Environment" ਲਈ ਡਾ. ਹਰਮੀਤ ਸਿੰਘ ਸੰਧੂ ਦੇ ਪੀ.ਐਚ.ਡੀ.ਥੀਸਿਸ ਤੋਂ ਨਕਲ ਕੀਤੀ ਹੈ। ਇਹ ਵੀ ਦੱਸਿਆ ਗਿਆ ਕਿ ਡਾ. ਕੁਲਜੀਤ

ਕੌਰ ਨੇ 'ਕਾਰਣ ਦੱਸੋ ਨੋਟਿਸ' ਦੇ ਉਤਰ ਵਿਚ ਵੀ ਇਸ ਗੱਲ ਨੂੰ ਮੰਨਿਆ ਹੈ। ਇਸ ਤਰ੍ਹਾਂ ਇਸ ਕੇਸ ਵਿਚ ਵੀ ਸਪਸ਼ਟ ਨਕਲ (plagiarism) ਦੀ ਪੁਸ਼ਟੀ ਹੁੰਦੀ ਹੈ ।

**ਸਿੰਡੀਕੇਟ ਨੇ ਸਾਰੇ ਪੱਖਾਂ ਤੋਂ ਕੇਸ ਨੂੰ ਵਿਚਾਰਨ ਉਪਰੰਤ ਇਹ ਨਿਰਣਾ ਲਿਆ ਕਿ –**

1. ਡਾ. ਕੁਲਜੀਤ ਕੌਰ, ਪ੍ਰੋਫੈਸਰ, ਲਾਅ ਵਿਭਾਗ ਵੱਲੋਂ ਖੋਜ ਕਾਰਜਾਂ ਵਿਚ ਕੀਤੀ ਨਕਲ (plagiarism) ਕਾਰਨ ਉਸ ਦੀਆਂ ਦੋ ਸਲਾਨਾ ਤਰੱਕੀਆਂ with cumulative effect ਰੋਕੀਆਂ ਜਾਂਦੀਆਂ ਹਨ ।
2. ਉਸ ਨੂੰ ਤਿੰਨ ਸਾਲਾਂ ਲਈ ਵਿਭਾਗ ਦਾ ਮੁਖੀ ਬਣਨ ਦੇ ਅਯੋਗ ਕਰਾਰ ਦਿੱਤਾ ਜਾਂਦਾ ਹੈ।
3. ਉਸ ਨੂੰ ਦੋ ਸਾਲ ਲਈ ਪੀ.ਐਚ.ਡੀ. ਦੇ ਨਵੇਂ ਕੇਸਾਂ ਲਈ ਸੁਪਰਵਾਈਜ਼ਰ ਵਜੋਂ ਨਿਯੁਕਤ ਨਾ ਕੀਤਾ ਜਾਵੇ।

**V.ਸ੍ਰੀ ਸਿਮਰਨਜੀਤ ਸਿੰਘ ਬੈਂਸ, ਲੈਕਚਰਾਰ ਇਕਨਾਮਿਕਸ, ਲਾਇਲਪੁਰ ਖਾਲਸਾ ਕਾਲਜ, ਜਲੰਧਰ ਦਾ ਕੇਸ**

ਵਾਈਸ-ਚਾਂਸਲਰ ਸਾਹਿਬ ਨੇ ਦੱਸਿਆ ਕਿ ਸਿੰਡੀਕੇਟ ਵੱਲੋਂ ਨਕਲ ਦੇ ਸਾਰੇ ਕੇਸਾਂ ਲਈ ਗਠਿਤ ਕਮੇਟੀ ਨੇ ਆਪਣੀ ਇਕੱਤਰਤਾ ਮਿਤੀ 10.11.2009 ਵਿਚ ਸ੍ਰੀ ਸਿਮਰਨਜੀਤ ਸਿੰਘ ਬੈਂਸ, ਲੈਕਚਰਾਰ ਇਕਨਾਮਿਕਸ , ਲਾਇਲਪੁਰ ਖਾਲਸਾ ਕਾਲਜ, ਜਲੰਧਰ ਦੇ ਕੇਸ ਨੂੰ ਵੀ ਵਿਚਾਰਿਆ । ਕੇਸ ਦਾ ਵਿਸਥਾਰ ਦੱਸਦਿਆ ਉਨ੍ਹਾਂ ਕਿਹਾ ਕਿ ਸਿਮਰਨਜੀਤ ਸਿੰਘ ਬੈਂਸ ਨੇ ਯੂਨੀਵਰਸਿਟੀ ਦੇ ਅਕਾਦਮਿਕ ਸਟਾਫ ਕਾਲਜ ਵਿਖੇ ਜੂਨ 7-27, 2007 ਦੌਰਾਨ ਹੋਏ ਰਿਫਰੈਸ਼ਰ ਕੋਰਸ ਦੇ ਕੋ-ਆਰਡੀਨੇਟਰ ਨੂੰ ਪੇਸ਼ ਕੀਤੀ ਪ੍ਰੋਜੈਕਟ ਰਿਪੋਰਟ ਵਿਚ ਇਕ ਸੈਕਸ਼ਨ (review of literature) ਨੂੰ ਛੱਡ ਕੇ ਬਾਕੀ ਲਗਭੱਗ ਪ੍ਰੋਫੈਸਰ ਐਚ.ਐਸ. ਸੰਧੂ ਅਤੇ ਗੁਲਸ਼ਨ ਕੁਮਾਰ, ਲੈਕਚਰਾਰ, ਡੀ.ਏ.ਵੀ. ਕਾਲਜ, ਹੁਸ਼ਿਆਰਪੁਰ ਦੇ ਪੇਪਰ ਦੀ ਨਕਲ ਕੀਤੀ ਅਤੇ ਕਮੇਟੀ ਨੇ ਇਸ ਨੂੰ ਵਿਚਾਰਨ ਉਪਰੰਤ ਵਿਸ਼ੇਸ਼ਗ ਕਮੇਟੀ ਨੂੰ ਭੇਜਣ ਲਈ ਸਿਫ਼ਾਰਸ ਕੀਤੀ ਹੈ। ਸਿੰਡੀਕੇਟ ਨੇ ਕਮੇਟੀ ਦੀ ਇਸ ਸਿਫ਼ਾਰਸ਼ ਨੂੰ ਪਰਵਾਨ ਕਰ ਲਿਆ।

ਧੰਨਵਾਦ ਦੇ ਮਤੇ ਨਾਲ ਇਕੱਤਰਤਾ ਸਮਾਪਤ ਹੋਈ।

(ਇੰਦਰਜੀਤ ਸਿੰਘ)
ਰਜਿਸਟਰਾਰ

ਪੱਕੀ ਕੀਤੀ ਗਈ

ਸਹੀ/-

ਏ.ਐਸ. ਬਰਾੜ
ਵਾਈਸ-ਚਾਂਸਲਰ